# ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲਜ਼ ਹਾਊਸਿੰਗ ਐਕਟ **2004**

*ਹਾਊਸਿੰਗ ਹੈਲਥ ਐਂਡ ਰੇਟਿੰਗ ਸਿਸਟਮ*

ਹੇਠ ਲਿਖਿਆਂ ਨਾਲ ਸਬੰਧਤ ਅਰਜ਼ੀ ਅਤੇ ਅਪੀਲਾਂ

ਸੁਧਾਰ ਸੂਚਨਾਵਾਂ (**Improvement Notices**)

ਮਨਾਹੀ ਦੇ ਹੁਕਮ **(Prohibition Orders)**

ਢਾਹੁਣ ਦੇ ਹੁਕਮ **(Demolition Orders)**

ਐਮਰਜੈਂਸੀ ਮਾਪਦੰਡ (ਨਕਾਰਾ ਜਾਇਦਾਦਾਂ) **(Emergency Measures)**

## ਵਿਸ਼ਾ-ਵਸਤੂ

**ਭਾਗ ਇੱਕ**

ਜਾਣ-ਪਛਾਣ 2

**ਭਾਗ ਦੋ**

RPT ਨੂੰ ਅਰਜ਼ੀਆਂ 5

**ਭਾਗ ਤਿੰਨ**

ਅਰਜ਼ੀ ਕਿਵੇਂ ਦੇਣੀ ਹੈ 7

**ਭਾਗ ਚਾਰ**

ਅਰਜ਼ੀ ਤੋਂ ਬਾਅਦ ਦੀਆਂ ਕਾਰਜ-ਵਿਧੀਆਂ 9

**ਭਾਗ ਪੰਜ**

ਮੁਆਇਨੇ ਅਤੇ ਸੁਣਵਾਈਆਂ 13

**ਭਾਗ ਛੇ**

ਫ਼ੈਸਲਾ ਅਤੇ ਉਸ ਤੋਂ ਬਾਅਦ 17

**ਅੰਤਿਕਾ 1**

ਅਰਜ਼ੀ ਦੀਆਂ ਕਿਸਮਾਂ 21

**ਅੰਤਿਕਾ 2**

RPTS ਪਤੇ 25

# ਭਾਗ ਇੱਕ

# ਜਾਣ-ਪਛਾਣ

## ਇਸ ਮਾਰਗ ਦਰਸ਼ਨ ਦਾ ਉਦੇਸ਼ ਕੀ ਹੈ?

ਇਹ ਮਾਰਗ ਦਰਸ਼ਨ ਉਹਨਾਂ ਕਾਰਜ-ਵਿਧੀਆਂ ਨੂੰ ਸਮਝਾਉਂਦਾ ਹੈ ਜਿਹੜੀਆਂ ਬਿਹਤਰੀ ਦੀਆਂ ਸੂਚਨਾਵਾਂ, ਮਨਾਹੀ ਦੇ ਹੁਕਮਾਂ ਅਤੇ ਲੋਕਲ ਹਾਊਸਿੰਗ ਅਥਾਰਿਟੀਆਂ (LHAs) ਦੁਆਰਾ ਜਾਰੀ ਕੀਤੇ ਗਏ ਜਾਂ ਚੁੱਕੇ ਗਏ ਐਮਰਜੈਂਸੀ ਮਾਪਦੰਡਾਂ ਦੇ ਸਬੰਧ ਵਿੱਚ ਹਾਊਸਿੰਗ ਐਕਟ 2004 ਤਹਿਤ ਅਪੀਲਾਂ ਜਾਂ ਅਰਜ਼ੀਆਂ ਦੇ ਸਬੰਧ ਵਿੱਚ ਰੈਜ਼ੀਡੈਂਸੀਅਲ ਪ੍ਰਾਪਰਟੀ ਟ੍ਰਿਬਿਊਨਲਜ਼ ("RPT") ਦੁਆਰਾ ਅਪਣਾਈਆਂ ਜਾਣਗੀਆਂ। ਇਸ ਵਿੱਚ ਢਾਹੁਣ ਦੇ ਹੁਕਮਾਂ ਦੇ ਸਬੰਧ ਵਿੱਚ ਹਾਊਸਿੰਗ ਐਕਟ 1985 (ਸੋਧੇ ਗਏ ਅਨੁਸਾਰ) ਤਹਿਤ ਕੀਤੀਆਂ ਗਈਆਂ ਅਪੀਲਾਂ ਜਾਂ ਅਰਜ਼ੀਆਂ ਵੀ ਸ਼ਾਮਲ ਹੁੰਦੀਆਂ ਹਨ। (ਬਸ਼ਰਤੇ ਦੂਜੀ ਤਰ੍ਹਾਂ ਵਖਰਿਆਈ ਗਈ ਕਿਸੇ ਅਰਜ਼ੀ ਜਾਂ ਅਪੀਲ ਨੂੰ ਹੇਠਾਂ ਇੱਕ 'ਅਰਜ਼ੀ' ਵਜੋਂ ਦੱਸਿਆ ਗਿਆ ਹੋਵੇ)। ਜੋ ਵਿਅਕਤੀ ਅਰਜ਼ੀ ਦਿੰਦਾ ਹੈ ਉਸਨੂੰ ਹੇਠਾਂ 'ਬਿਨੈਕਾਰ' ਅਤੇ ਜਿਸ ਵਿਅਕਤੀ ਦੇ ਖਿਲਾਫ਼ ਇਹ ਦਿੱਤੀ ਜਾਂਦੀ ਹੈ ਉਸ ਨੂੰ 'ਪ੍ਰਤੀਵਾਦੀ' ਕਿਹਾ ਗਿਆ ਹੈ। ਮਾਰਗ ਦਰਸ਼ਨ ਵਿੱਚ ਰਿਹਾਇਸ਼ੀ ਉੱਚਿਤਤਾ ਨਾਲ ਸਬੰਧਤ ਕਨੂੰਨ ਨੂੰ ਸ਼ਾਮਲ ਨਹੀਂ ਕੀਤਾ ਗਿਆ। ਕੋਈ ਬਿਨੈਕਾਰ ਜਿਸ ਨੂੰ ਇਹ ਸ਼ੱਕ ਹੋਵੇ ਕਿ ਕੋਈ RPT ਉਸ ਦੇ ਕੇਸ ਨਾਲ ਨਜਿੱਠ ਸਕਦੀ ਹੈ ਜਾਂ ਨਹੀਂ, ਨੂੰ ਕਿਸੇ ਸੋਲਿਸਿਟਰ ਜਾਂ ਹਾਊਸਿੰਗ ਸਲਾਹਕਾਰ ਤੋਂ ਸੁਤੰਤਰ ਕਨੂੰਨੀ ਸਲਾਹ ਲੈਣੀ ਚਾਹੀਦੀ ਹੈ ਜਾਂ ਕਿਸੇ ਸਿਟੀਜ਼ਨਜ਼ ਐਡਵਾਈਸ ਬਿਊਰੋ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਧਿਰਾਂ ਨੂੰ ਸਹਾਇਤਾ

ਜੇ ਤੁਸੀਂ ਕਾਰਵਾਈਆਂ ਵਿੱਚ ਹਿੱਸਾ ਲੈਣ ਵਾਲੇ ਇੱਕ ਵਿਅਕਤੀ ਹੋ ਅਤੇ ਤੁਸੀਂ ਅੰਗਰੇਜ਼ੀ ਭਾਸ਼ਾ ਨੂੰ ਪੜ੍ਹ ਜਾਂ ਬੋਲ ਜਾਂ ਸਮਝ ਨਹੀਂ ਸਕਦੇ, ਤਾਂ ਟ੍ਰਿਬਿਊਨਲ ਤੁਹਾਡੇ ਲਈ, ਮੁਫ਼ਤ ਵਿੱਚ, ਲੋੜੀਂਦੇ ਅਨੁਵਾਦ ਅਤੇ ਕਾਰਵਾਈਆਂ ਵਿੱਚ ਹਿੱਸਾ ਲੈਣ ਵਿੱਚ ਤੁਹਾਡੀ ਮਦਦ ਲਈ ਕਿਸੇ ਦੁਭਾਸ਼ੀਏ ਦੀ ਸਹਾਇਤਾ ਮੁਹੱਈਆ ਕਰਾਏ ਜਾਣ ਦੇ ਪ੍ਰਬੰਧ ਕਰੇਗਾ।

ਜੇ ਤੁਸੀਂ ਸੁਣ ਜਾਂ ਬੋਲ ਨਹੀਂ ਸਕਦੇ, ਤਾਂ ਟ੍ਰਿਬਿਊਨਲ ਤੁਹਾਡੇ ਲਈ, ਕਾਰਵਾਈਆਂ ਵਿੱਚ ਹਿੱਸਾ ਲੈਣ ਵਾਸਤੇ ਤੁਹਾਡੀ ਮਦਦ ਕਰਨ ਲਈ, ਮੁਫ਼ਤ ਵਿੱਚ, ਸੰਕੇਤਕ ਭਾਸ਼ਾ ਦੇ ਕਿਸੇ ਦੁਭਾਸ਼ੀਏ, ਲਿਪ ਸਪੀਕਰ, ਜਾਂ ਪੇਲੈਨਟਾਈਪਿਸਟ (ਬੋਲੇ ਹੋਏ ਨੂੰ ਸ਼ਾਬਦਿਕ ਜਾਂ ਲਿਖਤੀ ਰੂਪ ਦੇਣ ਵਾਲੇ) ਦੀਆਂ ਸੇਵਾਵਾਂ ਮੁਹੱਈਆ ਕਰਵਾਏ ਜਾਣ ਦੇ ਪ੍ਰਬੰਧ ਕਰੇਗਾ। ਤੁਸੀਂ ਇਸ ਨਿਯਮ ਤਹਿਤ ਸਹਾਇਤਾ ਦੇ ਹੱਕਦਾਰ ਹੋਵੋਗੇ ਭਾਵੇਂ ਕੋਈ ਤੁਹਾਡ ਪੱਖ ਪੇਸ਼ ਕਰੇ ਜਾਂ ਨਾ ਕਰੇ।

ਜੇ ਤੁਹਾਨੂੰ ਇਸ ਨਿਯਮ ਤਹਿਤ ਸਹਾਇਤਾ ਦੀ ਲੋੜ ਹੋਵੇ ਤਾਂ ਤੁਹਾਡੇ ਲਈ ਸਭ ਤੋਂ ਛੇਤੀ ਟ੍ਰਿਬਿਊਨਲ ਦੇ ਦਫ਼ਤਰ ਵਿੱਚ ਇਸ ਬਾਰੇ ਦੱਸਣਾ ਲਾਜ਼ਮੀ ਹੈ।

## ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਕੀ ਹੁੰਦਾ ਹੈ?

ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਕੁਝ ਖਾਸ ਕਿਸਮਾਂ ਦੇ ਹਾਊਸਿੰਗ ਝਗੜਿਆਂ ਨਾਲ ਨਿਪਟਣ ਲਈ ਰੈਂਟ ਐਕਟ 1977 (ਕਿਰਾਇਆ ਕਨੂੰਨ 1977) ਅਤੇ ਹਾਊਸਿੰਗ ਐਕਟ 2004 ਦੇ ਪ੍ਰਬੰਧਾਂ ਤਹਿਤ ਕਾਇਮ ਕੀਤੇ ਜਾਂਦੇ ਹਨ। ਇਹਨਾਂ ਟ੍ਰਿਬਿਊਨਲਾਂ ਦੀ ਮੈਂਬਰਸ਼ਿਪ ਬਾਰੇ ਹੇਠਾਂ ਦੱਸਿਆ ਗਿਆ ਹੈ। ਹਰੇਕ ਟ੍ਰਿਬਿਊਨਲ ਇੱਕ ਸੁਤੰਤਰ ਫ਼ੈਸਲਾ ਕਰਨ ਵਾਲਾ ਅਦਾਰਾ ਹੁੰਦਾ ਹੈ ਜੋ ਕਿ ਧਿਰਾਂ ਨਾਲ ਮੁਕੰਮਲ ਰੂਪ ਵਿੱਚ ਅਸਬੰਧਤ ਹੁੰਦਾ ਹੈ। ਟ੍ਰਿਬਿਊਨਲ ਪੂਰੇ ਮਾਮਲੇ ਨੂੰ ਨਵੇਂ ਸਿਰਿਓਂ ਦੇਖਦਾ ਹੈ। ਇਹ ਦੁਬਾਰਾ ਤੋਂ ਸਾਰੇ ਸਬੂਤਾਂ ਵੱਲ ਦੇਖੇਗਾ ਅਤੇ ਨਵੇਂ ਸਬੂਤਾਂ ਨੂੰ ਟ੍ਰਿਬਿਊਨਲ ਅੱਗੇ ਪੇਸ਼ ਕੀਤਾ ਜਾ ਸਕਦਾ ਹੈ। ਇੰਗਲੈਂਡ ਵਿੱਚ ਪੰਜ ਪੈਨਲ ਹਨ। ਉਹਨਾਂ ਦੇ ਪਤੇ ਅਤੇ ਟੈਲੀਫ਼ੋਨ ਨੰਬਰ ਇਸ ਕਿਤਾਬਚੇ ਦੀ ਅੰਤਿਕਾ 2 ਵਿੱਚ ਮਿਲ ਸਕਦੇ ਹਨ। ਜਾਣਕਾਰੀ RPTS ਨੈਸ਼ਨਲ ਹੈਲਪਲਾਈਨ ਨੂੰ 0845 600 3178 ਉੱਤੇ ਅਤੇ RPTS ਵੈੱਬਸਾਈਟ www.rpts.gov.uk 'ਤੇ ਵੀ ਉਪਲਬਧ ਹੈ।

## ਕਿਸੇ RPT ਨੂੰ ਅਰਜ਼ੀ ਦਿੱਤੇ ਜਾਣ ਮਗਰੋਂ ਮਾਮਲੇ ਨਾਲ ਕੌਣ ਨਜਿੱਠੇਗਾ?

ਜਿਸ ਸਮੇਂ ਅਰਜ਼ੀ ਪ੍ਰਾਪਤ ਹੁੰਦੀ ਹੈ, ਉਦੋਂ ਤੋਂ ਲੈ ਕੇ ਅਰਜ਼ੀ ਨਾਲ ਜੁੜੇ ਦਸਤਾਵੇਜ਼ਾਂ ਅਤੇ ਧਿਰਾਂ ਨਾਲ ਬਹੁਤ ਸਾਰੇ ਲੋਕਾਂ ਦਾ ਵਾਸਤੇ ਪਏਗਾ। ਇਹਨਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

### ਕੇਸ ਅਫ਼ਸਰ

ਕੇਸ ਅਫ਼ਸਰ ਪ੍ਰਬੰਧਕੀ ਅਮਲਾ ਹੁੰਦੇ ਹਨ ਜੋ ਸ਼ੁਰੂਆਤ ਤੋਂ ਅੰਤ ਤੱਕ ਮਾਮਲੇ ਵਿੱਚ ਚਿੱਠੀ-ਪੱਤਰੀ ਅਤੇ ਹੋਰ ਕਾਗਜ਼ੀ ਕੰਮਾਂ ਨਾਲ ਨਜਿੱਠਣਗੇ। ਕੇਸ ਅਫ਼ਸਰ ਧਿਰਾਂ ਨਾਲ ਅਰਜ਼ੀ ਨਾਲ ਸਬੰਧਤ ਪ੍ਰਕਿਰਿਆਵਾਂ ਅਤੇ ਕਾਰਜ-ਵਿਧੀਆਂ ਬਾਰੇ ਗੱਲਬਾਤ ਕਰਨ ਦੇ ਯੋਗ ਹੁੰਦੇ ਹਨ। ਉਹ ਵਿਚਾਰ ਅਧੀਨ ਮਾਮਲੇ ਨਾਲ ਸਬੰਧਤ ਕਨੂੰਨ ਬਾਰੇ ਆਮ ਕਨੂੰਨੀ ਸਲਾਹ ਜਾਂ ਸਲਾਹ ਨਹੀਂ ਦੇ ਸਕਦੇ। ਹਰੇਕ ਕਿਰਾਇਆ ਮੁਲਾਂਕਣ ਪੈਨਲ ਵਿੱਚ ਇੱਕ ਰੀਜਨਲ ਮੈਨੇਜਰ ਹੁੰਦਾ ਹੈ ਜੋ ਕੇਸ ਅਫ਼ਸਰਾਂ ਦੇ ਕੰਮ ਲਈ ਜ਼ਿੰਮੇਵਾਰ ਹੁੰਦਾ ਹੈ। ਉਹਨਾਂ ਦੇ ਨਾਮ ਅੰਤਿਕਾ 2 ਵਿੱਚ ਸ਼ਾਮਲ ਕੀਤੇ ਗਏ ਹਨ।

**RTP ਮੈਂਬਰ**

ਦੋ ਤਰ੍ਹਾਂ ਦੇ ਮੈਂਬਰ ਹੁੰਦੇ ਹਨः

1. ਚੇਅਰਮੈਨः ਉਸਨੂੰ ਚੇਅਰਮੈਨ ਵਜੋਂ ਲੌਰਡ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਚੇਅਰਮੈਨ, ਜੋ ਕਿ ਆਮ ਤੌਰ 'ਤੇ ਇੱਕ ਵਕੀਲ ਜਾਂ ਇੱਕ ਸਰਵੇਅਰ ਹੁੰਦਾ ਹੈ, ਕਾਰਵਾਈਆਂ ਦੇ ਨਿਰਵਿਘਨ ਕੰਮਕਾਜ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਟ੍ਰਿਬਿਊਨਲ ਦੇ ਫ਼ੈਸਲੇ ਲਈ ਕਾਰਨ ਲਿਖੇਗਾ।

ਹੋਰ ਮੈਂਬਰः ਇਹਨਾਂ ਨੂੰ ਡਿਪਾਰਟਮੈਂਟ ਫ਼ਾਰ ਕਮਿਊਨਿਟੀਜ਼ ਐਂਡ ਲੋਕਲ ਗਵਰਨਮੈਂਟ (Department for Communities and Local Government) ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਇਹ ਸ਼ਾਇਦ ਵਕੀਲ, ਸਰਵੇਅਰ, ਹੋਰ ਪੇਸ਼ੇਵਰ ਵਿਅਕਤੀ ਜਾਂ ਸਧਾਰਨ ਵਿਅਕਤੀ ਵੀ ਹੋ ਸਕਦੇ ਹਨ। ਜਦੋਂ

2. ਇੱਕ ਟ੍ਰਿਬਿਊਨਲ ਦੀ ਸਥਾਪਨਾ ਕਿਸੇ ਅਰਜ਼ੀ ਜਾਂ ਅਪੀਲ 'ਤੇ ਵਿਚਾਰ ਕਰਨ ਲਈ ਕੀਤੀ ਜਾਂਦੀ ਹੈ, ਚੇਅਰਮੈਨ ਸਮੇਤ ਆਮ ਤੌਰ 'ਤੇ ਤਿੰਨ, ਪਰ ਕਦੇ-ਕਦੇ ਦੋ ਮੈਂਬਰ ਹੋਣਗੇ। ਕਈ ਵਾਰੀ ਇਕੱਲਾ ਇੱਕ ਚੇਅਰਮੈਨ ਵੀ ਪ੍ਰਕਿਰਿਆਤਮਕ ਅਤੇ ਸਬੰਧਤ ਮਾਮਲਿਆਂ ਨਾਲ ਨਜਿੱਠਦੇ ਸਮੇਂ ਟ੍ਰਿਬਿਊਨਲ ਦੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ।

**ਪੈਨਲ ਪਰਧਾਨ**

ਹਰੇਕ ਪੈਨਲ ਦਾ ਇੱਕ ਪਰਧਾਨ ਹੁੰਦਾ ਹੈ, ਜਿਸ ਦੀ ਸਹਾਇਤਾ ਇੱਕ ਜਾਂ ਵਧੇਰੇ ਮੀਤ ਪ੍ਰਧਾਨ ਕਰਦੇ ਹਨ, ਪਰਧਾਨ ਮੈਂਬਰਾਂ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਖਾਸ ਕਰਕੇ ਇਹ ਫ਼ੈਸਲਾ ਕਰਦਾ ਹੈ ਕਿ ਕਿਸੇ ਖਾਸ ਮਾਮਲੇ ਦੀ ਸੁਣਵਾਈ ਕਰਨ ਅਤੇ ਫ਼ੈਸਲਾ ਕਰਨ ਲਈ ਕਿਹੜੇ ਮੈਂਬਰਾਂ ਨੂੰ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ। ਉਹ ਕਿਸੇ ਕੇਸ ਵਿੱਚ ਫ਼ੈਸਲੇ ਵਿੱਚ ਸ਼ਾਮਲ ਨਹੀਂ ਹੋਣਗੇ ਬਸ਼ਰਤੇ ਉਹ ਮਾਮਲੇ ਨਾਲ ਨਜਿੱਠਣ ਵਾਲੇ ਟ੍ਰਿਬਿਊਨਲ ਦੇ ਇੱਕ ਮੈਂਬਰ ਹੋਣ। ਉਹਨਾਂ ਦੇ ਨਾਮ ਅੰਤਿਕਾ 2 ਵਿੱਚ ਦਿੱਤੇ ਗਏ ਹਨ।

# ਭਾਗ ਦੋ

# RPT ਨੂੰ ਅਰਜ਼ੀਆਂ

## ਕਿਸੇ RPT ਨੂੰ ਕਿਸ ਤਰ੍ਹਾਂ ਦੀਆਂ ਅਰਜ਼ੀਆਂ ਦਿੱਤੀਆਂ ਜਾ ਸਕਦੀਆਂ ਹਨ?

ਅਰਜ਼ੀ ਦੀਆਂ ਕਿਸਮਾਂ, ਅਤੇ ਅਰਜ਼ੀ ਦੇਣ ਦਾ ਸੰਚਾਲਨ ਕਰਨ ਵਾਲੀਆਂ ਸਭ ਸਮਾਂ ਹੱਦਾਂ ਇਸ ਮਾਰਗ ਦਰਸ਼ਨ ਦੀ ਅੰਤਿਕਾ 1 ਵਿੱਚ ਮਿੱਥੀਆਂ ਗਈਆਂ ਹਨ। 17 ਵੱਖ-ਵੱਖ ਕਿਸਮਾਂ ਹੁੰਦੀਆਂ ਹਨ, ਅਤੇ ਬਿਨੈਕਾਰ ਨੂੰ ਕੋਈ ਫ਼ੈਸਲਾ ਕਰਨਾ ਪੈਂਦਾ ਹੈ ਕਿ ਉਹ ਕਿਹੋ ਜਿਹੀ ਕਿਸਮ ਦੀ ਅਰਜ਼ੀ ਦੇਣਾ ਚਾਹੁੰਦਾ ਜਾਂ ਚਾਹੁੰਦੀ ਹੈ। ਜੇਕਰ ਸ਼ੱਕ ਹੋਵੇ ਤਾਂ ਬਿਨੈਕਾਰ ਨੂੰ ਕਿਸੇ ਵਕੀਲ ਜਾਂ ਹਾਊਸਿੰਗ ਸਲਾਹਕਾਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

## ਬਿਨੈਕਾਰ ਕੌਣ ਬਣਦਾ ਹੈ?

ਆਮ ਤੌਰ 'ਤੇ ਬਿਨੈਕਾਰ ਉਹ ਵਿਅਕਤੀ ਹੁੰਦਾ ਹੈ ਜਿਸਨੂੰ ਕੋਈ ਕਨੂੰਨੀ ਨੋਟਿਸ ਜਾਰੀ ਕੀਤਾ ਗਿਆ ਹੋਵੇ। ਇਹ ਆਮ ਤੌਰ 'ਤੇ ਜਾਇਦਾਦ ਵਿੱਚ ਫ੍ਰੀਹੋਲਡ ਜਾਂ ਲੀਜ਼ਹੋਲਡ ਹੱਕ ਦਾ ਮਾਲਕ ਹੁੰਦਾ ਹੈ।

## ਪ੍ਰਤੀਵਾਦੀ ਕੌਣ ਬਣਦਾ ਹੈ?

ਪ੍ਰਤੀਵਾਦੀ ਆਮ ਤੌਰ 'ਤੇ ਐਲ.ਐਚ.ਏ. ਹੁੰਦੀ ਹੈ।

ਹੇਠ ਦਿੱਤੇ ਕੇਸਾਂ ਵਿੱਚ ਇਹ ਕੋਈ ਹੋਰ ਹੁੰਦਾ ਹੈ:

| ਅਰਜ਼ੀ ਨੰ. | ਅਰਜ਼ੀ | ਪ੍ਰਤੀਵਾਦੀ |
|---|---|---|
| 8 | ਕਨੂੰਨ ਦੀ ਧਾਰਾ 34(2) | ਲੀਜ਼ ਦੀ ਦੂਜੀ ਧਿਰ |
| 12 | ਕਨੂੰਨ ਦਾ ਪੈਰ੍ਹਾ 14 ਅਨੁਸੂਚੀ 3 | ਉਹ ਵਿਅਕਤੀ ਜਿਸ ਤੋਂ LHA ਖਰਚਿਆਂ ਅਤੇ ਵਿਆਜ ਦੀ ਵਸੂਲੀ ਮੰਗਦਾ ਹੈ |
| 14 | 1985 ਕਨੂੰਨ ਦੀ ਧਾਰਾ 272 (1) ਜਾਂ (2) | ਅਹਾਤਿਆਂ ਦਾ ਮਾਲਕ |
| 15 | 1985 ਕਨੂੰਨ ਦੀ ਧਾਰਾ 272 (2) (b) | ਮਾਲਕ ਜਿਸ ਤੋਂ ਬਿਨੈਕਾਰ LHA ਦੇ ਖਰਚਿਆਂ ਲਈ ਯੋਗਦਾਨ ਮੰਗਦਾ ਹੈ |
| 16 | 1985 ਕਨੂੰਨ ਦੀ ਧਾਰਾ 317 (1) | ਲੀਜ਼ ਲਈ ਦੂਜੀ ਧਿਰ |

| | | |
|---|---|---|
| 17 | 1985 ਕਨੂੰਨ ਦੀ ਧਾਰਾ 318 (1) (b) | ਅਹਾਤਿਆਂ ਦੇ ਕਬਜ਼ੇ ਦੇ ਅਧਿਕਾਰ ਵਾਲਾ ਵਿਅਕਤੀ ਅਤੇ ਅਹਾਤਿਆਂ ਦਾ ਮਾਲਕ |

ਇਹ ਮਹੱਤਵਪੂਰਨ ਹੈ ਕਿ ਅਰਜ਼ੀ ਕਿਸੇ ਖਾਸ ਕਿਸਮ ਦੀ ਅਰਜ਼ੀ ਲਈ ਨਿਰਧਾਰਤ ਸਮਾਂ ਸੀਮਾ ਦੇ ਅੰਦਰ-ਅੰਦਰ ਦਿੱਤੀ ਜਾਵੇ।

## ਕੀ ਕੋਈ ਅਰਜ਼ੀ ਸਮਾਂ ਲੰਘਣ ਮਗਰੋਂ ਵੀ ਦਿੱਤੀ ਜਾ ਸਕਦੀ ਹੈ?

ਸਾਰੇ ਕੇਸਾਂ ਵਿੱਚ ਜਿਥੇ ਕੋਈ ਸਮਾਂ ਸੀਮਾ ਨਿਰਧਾਰਤ ਹੁੰਦੀ ਹੈ, ਹੋ ਸਕਦਾ ਹੈ ਕਿ ਜੇਕਰ RPT ਸੰਤੁਸ਼ਟ ਹੋਵੇ ਕਿ ਉਸ ਮਿਆਦ (ਅਤੇ ਉਦੋਂ ਤੋਂ ਲੈ ਕੇ ਸਮਾਂ ਲੰਘਣ ਮਗਰੋਂ ਅਪੀਲ ਕਰਨ ਦੀ ਆਗਿਆ ਲਈ ਅਰਜ਼ੀ ਦੇਣ ਵਿੱਚ ਹੋਰ ਕਿਸੇ ਵੀ ਦੇਰੀ ਲਈ) ਦੇ ਖਤਮ ਹੋਣ ਤੋਂ ਪਹਿਲਾਂ ਅਪੀਲ ਕਰਨ ਵਿੱਚ ਅਸਫ਼ਲ ਹੋਣ ਦਾ ਇੱਕ ਚੰਗਾ ਕਾਰਨ ਹੈ ਤਾਂ ਕੋਈ RPT ਅਪੀਲ ਕਰਨ ਦੀ ਮਿਆਦ ਖਤਮ ਹੋਣ ਮਗਰੋਂ ਇਸਨੂੰ ਕੋਈ ਅਰਜ਼ੀ ਦਿੱਤੇ ਜਾਣ ਦੀ ਆਗਿਆ ਦੇ ਦੇਵੇ। ਕੋਈ ਵੀ ਅਜਿਹੀ ਬੇਨਤੀ ਦੇਰੀ ਲਈ ਕਾਰਨ ਦਿੰਦੇ ਹੋਏ, ਅਤੇ ਇੱਕ ਮੁਕੰਮਲ ਕੀਤੇ ਹੋਏ ਅਰਜ਼ੀ ਫ਼ਾਰਮ ਦੇ ਨਾਲ ਲਿਖਤੀ ਰੂਪ ਵਿੱਚ ਦੇਣੀ ਲਾਜ਼ਮੀ ਹੁੰਦੀ ਹੈ।

# ਭਾਗ ਤਿੰਨ ਦਰਖਾਸਤ ਕਿਵੇਂ ਦੇਣੀ ਹੈ

## ਇੱਕ ਅਰਜ਼ੀ ਕਿਵੇਂ ਦਿੱਤੀ ਜਾ ਸਕਦੀ ਹੈ?

ਇੱਕ ਅਰਜ਼ੀ ਸਥਾਨਕ ਪੈਨਲ ਦਫ਼ਤਰ ਵਿਖੇ RPT ਨੂੰ ਢੁੱਕਵੇਂ ਅਰਜ਼ੀ ਫ਼ਾਰਮ 'ਤੇ ਹੀ ਦਿੱਤੀ ਜਾਣੀ ਚਾਹੀਦੀ ਹੈ। ਫ਼ਾਰਮ ਪੈਨਲ ਦਫ਼ਤਰਾਂ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ, ਜਿਸਦੇ ਵੇਰਵੇ ਇਸ ਮਾਰਗ ਦਰਸ਼ਨ ਦੀ ਅੰਤਿਕਾ 2 ਵਿੱਚ ਸਿੱਥੇ ਗਏ ਹਨ। ਜੇ ਤੁਹਾਨੂੰ ਨਹੀਂ ਪਤਾ ਕਿ ਕਿਹੜਾ ਸਹੀ ਦਫ਼ਤਰ ਹੈ ਤਾਂ ਕਿਰਪਾ ਕਰਕੇ RPTS ਨੈਸ਼ਨਲ ਹੈਲਪ ਲਾਈਨ ਨੂੰ 0845 600 3178 'ਤੇ ਫ਼ੋਨ ਕਰੋ। ਅਰਜ਼ੀ ਫ਼ਾਰਮ RPTS ਵੈੱਬਸਾਈਟ ਤੋਂ www.rpts.gov.uk 'ਤੇ ਵੀ ਡਾਊਨਲੋਡ ਕੀਤੇ ਜਾ ਸਕਦੇ ਹਨ।

## ਕੀ ਕਿਸੇ ਅਰਜ਼ੀ ਲਈ ਕੋਈ ਫ਼ੀਸ ਦੇਣੀ ਪੈਂਦੀ ਹੈ?

ਇਸ ਮਾਰਗ ਦਰਸ਼ਨ ਦੀ ਅੰਤਿਕਾ 1 ਵਿੱਚ ਸੂਚੀਬੱਧ ਕੀਤੀਆਂ ਗਈਆਂ ਅਰਜ਼ੀਆਂ ਵਿੱਚੋਂ ਕਿਸੇ ਵੀ ਅਰਜ਼ੀ ਦੇ ਸਬੰਧ ਵਿੱਚ ਇੱਕ ਬਿਨੈਕਾਰ ਵੱਲੋਂ £150 ਫ਼ੀਸ ਅਦਾਇਗੀਯੋਗ ਹੁੰਦੀ ਹੈ, ਜਿਨ੍ਹਾਂ ਉੱਪਰ ਇੱਕ ਤਾਰੇ (*) ਦਾ ਨਿਸ਼ਾਨ ਲੱਗਿਆ ਹੁੰਦਾ ਹੈ।

ਕਿਸੇ ਹੋਰ ਅਰਜ਼ੀ ਲਈ ਕੋਈ ਹੋਰ ਫ਼ੀਸ ਅਦਾਇਗੀਯੋਗ ਨਹੀਂ ਹੁੰਦੀ। ਇਸ ਤੋਂ ਇਲਾਵਾ, ਭਾਵੇਂ ਜੇ ਕੋਈ ਫ਼ੀਸ ਅਦਾਇਗੀਯੋਗ ਵੀ ਹੋਵੇ ਇਹ ਹੇਠਾਂ ਦਿੱਤੇ ਮਾਮਲਿਆਂ ਵਿੱਚ ਛੱਡ ਦਿੱਤੀ ਜਾਵੇਗੀ।

## ਫ਼ੀਸ ਛੱਡਣਾ

ਉਪਰੋਕਤ ਮਾਮਲਿਆਂ ਵਿੱਚੋਂ ਕਿਸੇ ਵਿੱਚ ਵੀ ਕੋਈ ਫ਼ੀਸ ਅਦਾਇਗੀਯੋਗ ਨਹੀਂ ਹੋਵੇਗੀ ਜਿਥੇ ਬਿਨੈਕਾਰ ਜਾਂ ਉਸਦਾ ਜਾਂ ਉਸਦੀ ਭਾਈਵਾਲ ਨੂੰ ਹੇਠਾਂ ਦਿੱਤੇ ਬੈਨੇਫ਼ਿਟਸ ਜਾਂ ਸਹਾਇਤਾ ਵਿੱਚੋਂ ਕੋਈ ਮਿਲਦਾ ਹੋਵੇ:

(1) ਇਨਕਮ ਸਪੋਰਟ (Income Support)

(2) ਹਾਊਸਿੰਗ ਬੈਨੇਫ਼ਿਟ (Housing Benefit)

(3) ਇਨਕਮ ਬੇਸਡ ਜੋਬਸੀਕਰਜ਼ ਅਲਾਓਂਸ (Income Based Jobseekers Allowance)

(4) ਇੱਕ ਵਰਕਿੰਗ ਟੈਕਸ ਕ੍ਰੈਡਿਟ (Working Tax Credit), ਅਤੇ ਜਾਂ:

(a) ਕਿਸੇ ਅਯੋਗਤਾ ਜਾਂ ਸਖਤ ਅਯੋਗਤਾ ਤੱਤ ਨਾਲ ਇੱਕ ਟੈਕਸ ਕ੍ਰੈਡਿਟ; ਜਾਂ

(b) ਇੱਕ ਚਾਈਲਡ ਟੈਕਸ ਕ੍ਰੈਡਿਟ ਜਾਂ

(c) ਸਟੇਟ ਪੈਨਸ਼ਨਜ਼ ਕ੍ਰੈਡਿਟ ਐਕਟ 2002 ਤਹਿਤ ਇੱਕ ਗਾਰੰਟੀ ਕਾਰਡ ਜਾਂ

(d) ਫੰਡਿੰਗ ਕੋਡ ਤਹਿਤ ਜਾਰੀ ਕੀਤਾ ਗਿਆ ਇੱਕ ਸਰਟੀਫ਼ਿਕੇਟ ਜੋ ਕਿ ਰੱਦ ਜਾਂ ਬਰਖਾਸਤ ਕਰ ਦਿੱਤਾ ਗਿਆ ਹੋਵੇ ਅਤੇ ਜੋ ਕਿ ਟ੍ਰਿਬਿਊਨਲ ਦੇ ਅੱਗੇ ਕਾਰਵਾਈਆਂ ਦੇ ਨਾਲ ਸਬੰਧਤ ਹੋਵੇ ਜਿਸਦਾ ਪੂਰਾ ਜਾਂ ਕੁਝ ਹਿੱਸਾ ਕਿਸੇ ਟ੍ਰਿਬਿਊਨਲ ਦੁਆਰਾ ਨਿਰਧਾਰਣ ਲਈ ਕਾਊਂਟੀ ਕੋਰਟ ਤੋਂ ਤਬਦੀਲ ਕਰ ਦਿੱਤਾ ਗਿਆ ਹੋਵੇ

(5) ਵਰਕਿੰਗ ਟੈਕਸ ਕ੍ਰੈਡਿਟ ਜਿਥੇ ਟੈਕਸ ਕ੍ਰੈਡਿਟ ਦਾ ਹਿਸਾਬ ਲਗਾਉਣ ਲਈ ਵਰਤੀ ਜਾਂਦੀ ਸਮੁੱਚੀ ਸਲਾਨਾ ਆਮਦਨ £14, 213 ਜਾਂ ਘੱਟ ਹੁੰਦੀ ਹੈ

ਫ਼ੀਸ ਛੱਡਣ ਲਈ ਦਾਅਵਾ ਕਰਨ ਵਾਸਤੇ ਕਿਸੇ ਬਿਨੈਕਾਰ ਲਈ ਪੈਨਲ ਆਫ਼ਿਸ ਤੋਂ ਉਪਲਬਧ ਦੂਜੇ ਫ਼ਾਰਮ ਨੂੰ ਭਰ ਕੇ ਦੇਣਾ ਲਾਜ਼ਮੀ ਹੁੰਦਾ ਹੈ। ਤਿਆਗ ਫ਼ਾਰਮ ਦੀ ਕਾਪੀ ਕਾਰਵਾਈਆਂ ਵਿੱਚ ਹੋਰਨਾਂ ਧਿਰਾਂ ਨੂੰ ਨਹੀਂ ਭੇਜੀ ਜਾਵੇਗੀ।

ਕਿਸੇ ਵਿਅਕਤੀ ਨੂੰ ਫ਼ੀਸ ਬਾਰੇ ਸ਼ੱਕ ਹੋਣ 'ਤੇ RPTS ਹੈਲਪਲਾਈਨ ਨੂੰ 0845 600 3178 'ਤੇ ਫ਼ੋਨ ਕਰਨਾ ਚਾਹੀਦਾ ਹੈ।

## ਫ਼ੀਸ ਦਾ ਭੁਗਤਾਨ ਕਰਨਾ ਕਿਸ ਵੇਲੇ ਲਾਜ਼ਮੀ ਹੁੰਦਾ ਹੈ?

ਫ਼ੀਸ ਦਾ ਭੁਗਤਾਨ ਲਾਜ਼ਮੀ ਰੂਪ ਵਿੱਚ ਅਰਜ਼ੀ ਦੇ ਨਾਲ ਕੀਤਾ ਜਾਣਾ ਚਾਹੀਦਾ ਹੈ। ਫ਼ੀਸ ਦਾ ਭੁਗਤਾਨ ਡਿਪਾਰਟਮੈਂਟ ਫ਼ਾਰ ਕਮਿਊਨਿਟੀਜ਼ ਐਂਡ ਲੋਕਲ ਗਵਰਨਮੈਂਟ (Department for Communities and Local Government) ਦੇ ਹੱਕ ਵਿੱਚ ਬਣਾਏ ਗਏ ਪੋਸਟਲ ਆਰਡਰ ਦੁਆਰਾ ਇੱਕ ਕਰੌਸ ਕੀਤੇ ਚੈੱਕ ਦੁਆਰਾ ਜਾਂ ਪੋਸਟਲ ਆਰਡਰ ਦੁਆਰਾ ਹੀ ਕੀਤਾ ਜਾਣਾ ਚਾਹੀਦਾ ਹੈ। RPT ਨਕਦੀ ਸਵੀਕਾਰ ਨਹੀਂ ਕਰੇਗੀ।

## ਕੀ ਟ੍ਰਿਬਿਊਨਲ ਨੂੰ ਉਹ ਫ਼ੀਸ ਵਾਪਸ ਕਰਨ ਦਾ ਅਧਿਕਾਰ ਪ੍ਰਾਪਤ ਹੈ ਜਿਸਦਾ ਭੁਗਤਾਨ ਕੀਤਾ ਜਾ ਚੁੱਕਾ ਹੋਵੇ?

ਜੀ ਹਾਂ। ਹੋ ਸਕਦਾ ਹੈ ਕਿ ਟ੍ਰਿਬਿਊਨਲ ਕਿਸੇ ਅਰਜ਼ੀ ਜਾਂ ਅਪੀਲ ਦੀ ਕਿਸੇ ਧਿਰ ਨੂੰ ਕਿਸੇ ਦੂਜੀ ਧਿਰ ਨੂੰ ਦੁਆਰਾ ਭੁਗਤਾਨ ਕੀਤੀ ਗਈ ਕਿਸੇ ਫ਼ੀਸ ਦਾ ਪੂਰਾ ਜਾਂ ਕੁਝ ਹਿੱਸਾ ਉਸਨੂੰ ਵਾਪਸ ਕੀਤੇ ਜਾਣ ਦਾ ਹੁਕਮ ਦੇ ਦੇਵੇ। ਹਾਲਾਂਕਿ, ਜਿਸ ਵੇਲੇ ਟ੍ਰਿਬਿਊਨਲ ਇਸ ਮਾਮਲੇ 'ਤੇ ਵਿਚਾਰ ਕਰ ਰਿਹਾ ਹੋਵੇ, ਤਾਂ ਜੇਕਰ ਇਸ ਨੂੰ ਸੰਤੁਸ਼ਟੀ ਹੋਵੇ ਕਿ ਧਿਰ ਜਾਂ ਉਸ ਦੇ ਭਾਈਵਾਲ ਨੂੰ ਉੱਪਰ ਦੱਸਿਆਂ ਵਿੱਚੋਂ ਕੋਈ ਬੈਨੇਫ਼ਿਟਸ ਜਾਂ ਸਹਾਇਤਾ ਮਿਲ ਰਹੇ ਹਨ ਤਾਂ ਇਹ ਅਧਿਕਾਰ ਉਸ ਵੇਲੇ ਉਪਲਬਧ ਨਹੀਂ ਹੁੰਦਾ।

# ਭਾਗ ਚਾਰ

# ਅਰਜ਼ੀ ਤੋਂ ਬਾਅਦ ਦੀਆਂ ਪ੍ਰਕਿਰਿਆਵਾਂ

## RPT ਨੂੰ ਕੋਈ ਅਰਜ਼ੀ ਪ੍ਰਾਪਤ ਹੋ ਜਾਣ ਮਗਰੋਂ ਕੀ ਹੁੰਦਾ ਹੈ?

ਕੇਸ ਅਫ਼ਸਰ ਬਿਨੈਕਾਰ ਨੂੰ ਪ੍ਰਾਪਤੀ ਸੂਚਨਾ ਲਿਖੇਗਾ ਅਤੇ ਨਾਲ ਲੱਗੇ ਦਸਤਾਵੇਜ਼ਾਂ ਦੇ ਨਾਲ ਪ੍ਰਤੀਵਾਦੀ ਨੂੰ ਅਰਜ਼ੀ ਦੀ ਇੱਕ ਨਕਲ ਭੇਜੇਗਾ। ਕੇਸ ਅਫ਼ਸਰ ਪ੍ਰਤੀਵਾਦੀ ਨੂੰ ਉਸ ਨਿਰਧਾਰਤ ਤਾਰੀਖ ਬਾਰੇ ਦਸਦਾ ਹੋਇਆ ਇੱਕ ਨੋਟਿਸ ਵੀ ਭੇਜੇਗਾ ਜਦੋਂ ਤੱਕ ਉਹਨਾਂ ਲਈ ਹੇਠਾਂ ਜ਼ਿਕਰ ਕੀਤੇ ਜਵਾਬ ਨੂੰ ਭੇਜਣਾ ਲਾਜ਼ਮੀ ਹੈ।

ਜਿਸ ਪ੍ਰਤੀਵਾਦੀ ਨੂੰ ਨੋਟਿਸ ਮਿਲਦਾ ਹੈ, ਉਸ ਨੂੰ ਲਾਜ਼ਮੀ ਰੂਪ ਵਿੱਚ ਦਸਵਾਵੇਜ਼ਾਂ ਦੀ ਨਕਲ ਮਿਲਣ ਦੀ ਰਸੀਦ ਲਈ ਇੱਕ ਲਿਖਤੀ ਪ੍ਰਾਪਤੀ ਸੂਚਨਾ ਭੇਜਣੀ ਚਾਹੀਦੀ ਹੈ ਅਤੇ ਇਹ ਦੱਸਣਾ ਚਾਹੀਦਾ ਹੈ ਕਿ ਕੀ ਉਸ ਦਾ ਇਰਾਦਾ ਅਰਜ਼ੀ ਦਾ ਵਿਰੋਧ ਕਰਨ ਦਾ ਹੈ ਜਾਂ ਨਹੀਂ। ਉਸ ਨੂੰ ਲਾਜ਼ਮੀ ਰੂਪ ਵਿੱਚ ਨਿਸ਼ਚਿਤ ਤਰੀਕ ਤੱਕ ਨੋਟਿਸ ਵਾਪਸ ਭੇਜ ਦੇਣਾ ਚਾਹੀਦਾ ਹੈ ਅਤੇ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਦੇ ਨਾਮ ਅਤੇ ਪਤੇ ਦੇਣੇ ਚਾਹੀਦੇ ਹਨ। ਇਸ ਉਦੇਸ਼ ਲਈ, 'ਦਿਲਚਸਪੀ ਰੱਖਣ ਵਾਲੇ ਵਿਅਕਤੀ' ਤੋਂ ਭਾਵ ਹੈ:

(a) ਬਿਨੈਕਾਰ ਤੋਂ ਇਲਾਵਾ ਕੋਈ ਵੀ ਹੋਰ ਵਿਅਕਤੀ ਜਿਸਨੂੰ ਹਾਊਸਿੰਗ ਐਕਟ 2004 ਤਹਿਤ ਅਰਜ਼ੀ ਦੇਣ ਜਾਂ ਅਪੀਲ ਕਰਨ ਦਾ ਅਧਿਕਾਰ ਹੁੰਦਾ (ਜਾਂ ਜਿਵੇਂ ਕੇਸ ਹੋਵੇ ਹਾਊਸਿੰਗ ਐਕਟ 1985)।

(b) ਜਿਥੇ ਇਸ ਅਧਾਰ 'ਤੇ ਸੁਧਾਰ ਦੇ ਕਿਸੇ ਨੋਟਿਸ ਦੇ ਖਿਲਾਫ਼ ਕੋਈ ਅਪੀਲ ਕੀਤੀ ਜਾਂਦੀ ਹੈ ਕਿ ਇੱਕ ਜਾਂ ਵਧੇਰੇ ਹੋਰਨਾਂ ਵਿਅਕਤੀਆਂ ਨੂੰ ਸਬੰਧਤ ਕਾਰਵਾਈ ਕਰਨੀ ਚਾਹੀਦੀ ਹੈ, ਦੂਜਾ ਜਾਂ ਦੂਜੇ ਵਿਅਕਤੀ ਜਿਹਨਾਂ ਨੂੰ ਲਾਜ਼ਮੀ ਰੂਪ ਵਿੱਚ ਅਪੀਲਕਰਤਾ ਵੱਲੋਂ ਅਪੀਲ ਦਾ ਨੋਟਿਸ ਮਿਲਿਆ ਹੋਵੇ।

(c) ਜਿਥੇ ਕਿਸੇ ਪਟਾ ਦੇਣ ਵਾਲੇ ਜਾਂ ਪਟਾਦਾਰ ਦੁਆਰਾ ਮਨਾਹੀ ਦਾ ਇੱਕ ਹੁਕਮ ਦੇਣ ਮਗਰੋਂ ਇੱਕ ਲੀਜ਼ ਨੂੰ ਬਦਲਣ ਲਈ ਅਰਜ਼ੀ ਦਿੱਤੀ ਜਾਂਦੀ ਹੈ, ਅਹਾਤਿਆਂ ਦੇ ਪੂਰੇ ਜਾਂ ਅੰਸ਼ਕ ਹਿੱਸੇ ਦਾ ਕੋਈ ਅੱਗੋ ਪਟੇ ਦੇਣ ਵਾਲਾ।

(d) ਹਾਊਸਿੰਗ ਐਕਟ 2004 (ਹੇਠਾਂ ਅੰਤਿਕਾ 1 ਵਿੱਚ ਐਪਲੀਕੇਸ਼ਨ 12 ਦੇਖੋ) ਦੀ ਅਨੁਸੂਚੀ 3 ਦੇ ਪੈਰ੍ਹਾਗ੍ਰਾਫ਼ 14(2) ਵਿੱਚ ਦੱਸਿਆ ਗਿਆ ਵਿਅਕਤੀ।

## ਕਿਸੇ ਅਪੀਲ ਜਾਂ ਅਰਜ਼ੀ ਵਿੱਚ ਸ਼ਾਮਲ ਹੋਣਾ

ਕੋਈ ਵਿਅਕਤੀ ਕਾਰਵਾਈਆਂ ਵਿੱਚ ਇੱਕ ਬਿਨੈਕਾਰ ਜਾਂ ਪ੍ਰਤੀਵਾਦ ਵਜੋਂ ਸ਼ਾਮਲ ਕੀਤੇ ਜਾਣ ਲਈ ਟ੍ਰਿਬਿਊਨਲ ਨੂੰ ਬੇਨਤੀ ਕਰ ਸਕਦਾ ਹੈ। ਹਾਲਾਂਕਿ, ਅਜਿਹੀ ਕੋਈ ਬੇਨਤੀ ਜਿੰਨੀ ਛੇਤੀ ਹੋ ਸਕੇ ਕੀਤੀ ਜਾਣੀ ਲਾਜ਼ਮੀ ਹੁੰਦੀ ਹੈ।

ਹੋ ਸਕਦਾ ਹੈ ਕਿ ਟ੍ਰਿਬਿਊਨਲ ਅਜਿਹੀ ਕੋਈ ਬੇਨਤੀ ਮਨਜ਼ੂਰ ਜਾਂ ਰੱਦ ਕਰ ਦੇਵੇ। ਆਪਣੇ ਫ਼ੈਸਲੇ 'ਤੇ ਪਹੁੰਚਣ ਤੋਂ ਬਾਅਦ ਜਿੰਨੀ ਛੇਤੀ ਸੰਭਵ ਹੋ ਸਕੇ ਟ੍ਰਿਬਿਊਨਲ ਨੂੰ ਲਾਜ਼ਮੀ ਰੂਪ ਵਿੱਚ ਫ਼ੈਸਲੇ ਦੀ ਹਾਵੀ ਧਿਰ ਨੂੰ ਇਸ ਦੇ ਲਈ ਕਾਰਨਾਂ ਬਾਰੇ ਸੂਚਿਤ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਧਿਰਾਂ ਨੂੰ ਨੋਟੀਫ਼ਿਕੇਸ਼ਨ ਦੀ ਇੱਕ ਨਕਲ ਭੇਜਣੀ ਚਾਹੀਦੀ ਹੈ।

ਕੋਈ ਵੀ ਹਾਵੀ ਧਿਰ ਜਿਸਦੀ ਬੇਨਤੀ ਮਨਜ਼ੂਰ ਕਰ ਲਈ ਜਾਂਦੀ ਹੈ ਉਸ ਨਾਲ ਇੱਕ ਬਿਨੈਕਾਰ ਜਾਂ ਪ੍ਰਤੀਵਾਦੀ ਵਜੋਂ ਪੇਸ਼ ਆਇਆ ਜਾਵੇਗਾ।

## ਅਗਲੇ ਕਦਮ

ਕੇਸ ਅਫ਼ਸਰ ਸਾਰੀਆਂ ਧਿਰਾਂ ਅਤੇ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ, ਜਿਨ੍ਹਾਂ ਬਾਰੇ ਇਸਨੂੰ ਸੂਚਤ ਕੀਤਾ ਗਿਆ ਹੈ, ਨੂੰ ਅਰਜ਼ੀ ਦੀ ਇੱਕ ਨਕਲ ਅਤੇ ਜਾਇਦਾਦ ਦੀ ਸੁਣਵਾਈ ਅਤੇ ਮੁਆਇਨੇ ਲਈ ਇੱਕ ਤਾਰੀਖ ਦੇ ਨਾਲ ਸੁਣਵਾਈ ਦੇ ਨਿਰਦੇਸ਼ ਭੇਜੇਗਾ। ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਨੂੰ ਇਸ ਬਾਰੇ ਹਦਾਇਤਾਂ ਦਿੱਤੀਆਂ ਜਾਣਗੀਆਂ ਕਿ ਉਹ ਕਿਸੇ ਧਿਰ ਵਜੋਂ ਸ਼ਾਮਲ ਹੋਣ ਲਈ ਕਿਵੇਂ ਅਰਜ਼ੀ ਦੇ ਸਕਦੇ ਹਨ। ਕੋਈ ਵੀ ਅਜਿਹੀ ਅਰਜ਼ੀ ਫੇਰ ਅਗਲੇ 14 ਦਿਨ ਦੇ ਅੰਦਰ-ਅੰਦਰ ਦਿੱਤੀ ਜਾਣੀ ਚਾਹੀਦੀ ਹੈ।

## ਨਿਰਦੇਸ਼ ਕੀ ਹੁੰਦੇ ਹਨ?

ਨਿਰਦੇਸ਼ RPT ਦੁਆਰਾ ਦਿੱਤੇ ਗਏ ਹੁਕਮ ਹੁੰਦੇ ਹਨ ਜਿਹਨਾਂ ਤਹਿਤ ਧਿਰਾਂ ਨੂੰ ਇਹ ਯਕੀਨੀ ਬਣਾਉਣ ਲਈ ਨਿਸ਼ਚਿਤ ਕਦਮ ਚੁੱਕਣੇ ਪੈਂਦੇ ਹਨ ਕਿ ਕਿਸੇ ਅਰਜ਼ੀ ਬਾਰੇ ਸਾਰੀ ਲੋੜੀਂਦੀ ਜਾਣਕਾਰੀ RPT ਅਤੇ ਸਾਰੀਆਂ ਧਿਰਾਂ ਲਈ ਮੁਹੱਈਆ ਕਰਵਾਈ ਗਈ ਹੈ। ਉਹ ਕੇਸ ਦੇ ਅਗਾਂਹ ਵੱਧਣ ਲਈ ਇੱਕ ਸਮਾਂ-ਸਾਰਣੀ ਵੀ ਤੈਅ ਕਰਦੇ ਹਨ।

**ਜਿਥੇ ਕੋਈ ਧਿਰ ਖਾਸ ਨਿਰਦੇਸ਼ਾਂ ਦਾ ਪਾਲਣ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਉਥੇ ਹੋ ਸਕਦਾ ਹੈ ਕਿ RPT ਅਰਜ਼ੀ ਦੇ ਪੂਰੇ ਜਾਂ ਕੁਝ ਕੁ ਹਿੱਸੇ ਨੂੰ ਭੰਗ ਕਰਨ ਜਾਂ ਸਹਿਮਤੀ ਦੇਣ ਦਾ ਇੱਕ ਹੁਕਮ ਦੇ ਦੇਵੇ।**

## ਕਾਗਜ਼ੀ ਨਿਰਧਾਰਣ ਅਤੇ ਸੁਣਵਾਈਆਂ

ਬਸ਼ਰਤੇ ਕਿਸੇ ਧਿਰ ਜਾਂ ਧਿਰਾਂ ਨੇ ਬਿਆਨ ਦਿੱਤਾ ਹੋਵੇ ਕਿ ਉਹਨਾਂ ਨੂੰ ਕਿਸੇ ਸੁਣਵਾਈ ਦੀ ਲੋੜ ਹੈ, ਹੋ ਸਕਦਾ ਹੈ ਕੋਈ ਚੇਅਰਮੈਨ ਇਹ ਫ਼ੈਸਲਾ ਕਰੇ ਕਿ ਕੇਸ ਬਿਨਾ ਕਿਸੇ ਜ਼ਬਾਨੀ ਸੁਣਵਾਈ ਤੋਂ ਲਿਖਤੀ ਪਰਮਾਣ ਦੇ ਅਧਾਰ 'ਤੇ ਨਿਰਧਾਰਣ ਲਈ ਢੁੱਕਵਾਂ ਹੈ। ਫੇਰ ਸ਼ਾਇਦ ਉਹ ਅੱਗੇ ਹਦਾਇਤਾਂ ਜਾਰੀ ਕਰ ਸਕਦਾ ਜਾਂ ਸਕਦੀ ਹੈ। ਵਿਕਲਪਕ ਰੂਪ ਵਿੱਚ, ਜੇ ਕੋਈ ਕਾਗਜ਼ੀ ਨਿਰਧਾਰਣ ਢੁੱਕਵਾਂ ਨਾ ਹੋਵੇ, ਤਾਂ ਹੋ ਸਕਦਾ ਹੈ ਕਿ ਚੇਅਰਮੈਨ ਨਿਰਦੇਸ਼ ਦੇ ਦੇਵੇ ਕਿ ਇੱਕ ਕੇਸ ਮੈਨੇਜਮੈਂਟ ਕਾਨਫ਼ਰੰਸ (CMC) ਹੋਣੀ ਚਾਹੀਦੀ ਹੈ।

ਜੇ ਕਿਸੇ CMC ਦਾ ਪਰਬੰਧ ਨਹੀਂ ਕੀਤਾ ਜਾਂਦਾ ਅਤੇ ਕੋਈ ਧਿਰ ਮਹਿਸੂਸ ਕਰਦੀ ਹੈ ਕਿ ਉਹਨਾਂ ਤੋਂ ਇੱਕ ਮੀਟਿੰਗ ਤੋਂ ਫ਼ਾਇਦਾ ਹੋਵੇਗਾ, ਤਾਂ ਉਸ ਨੂੰ ਕੇਸ ਅਫ਼ਸਰ ਨੂੰ ਲਿਖਣਾ ਚਾਹੀਦਾ ਹੈ ਅਤੇ ਇੱਕ CMC ਕਰਵਾਉਣ ਦੀ ਬੇਨਤੀ ਕਰਨੀ ਚਾਹੀਦੀ ਹੈ।

## ਕੇਸ ਮੈਨੇਜਮੈਂਟ ਕਾਨਫ਼ਰੰਸ ਕੀ ਹੁੰਦੀ ਹੈ?

ਇਹ ਇੱਕ ਛੋਟੀ ਸੁਣਵਾਈ ਹੁੰਦੀ ਹੈ ਜਿਸ ਵਿੱਚ ਸਾਰੀਆਂ ਧਿਰਾਂ ਅਤੇ/ਜਾਂ ਉਹਨਾਂ ਦੇ ਪ੍ਰਤੀਨਿਧਾਂ ਨੂੰ ਹਾਜ਼ਰ ਹੋਣਾ ਚਾਹੀਦਾ ਹੈ। ਇਸ ਦਾ ਸੰਚਾਲਨ ਕਿਸੇ ਟ੍ਰਿਬਿਊਨਲ ਚੇਅਰਮੈਨ ਵੱਲੋਂ ਕੀਤਾ ਜਾਂਦਾ ਹੈ, ਜੋ ਸ਼ਾਇਦ ਇੱਕਲਾ ਬੈਠ ਸਕਦਾ ਹੈ, ਜਾਂ ਕੁਝ ਮਾਮਲਿਆਂ ਵਿੱਚ ਇੱਕ ਜਾਂ ਦੋ ਹੋਰ ਮੈਂਬਰਾਂ ਨਾਲ ਬੈਠ ਸਕਦਾ ਹੈ। ਇੱਕ CMC ਮੁੱਦਿਆਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਅਤੇ ਟ੍ਰਿਬਿਊਨਲ ਮਾਮਲੇ 'ਤੇ ਕੋਈ ਅੰਤਮ ਫ਼ੈਸਲਾ ਨਹੀਂ ਦੇਵੇਗਾ। CMC ਮਾਮਲੇ ਵਿਚਲੇ ਮੁੱਦਿਆਂ ਦੀ ਪਛਾਣ ਦਾ ਜਤਨ ਕਰਨ ਲਈ ਅਤੇ ਇਹ ਦੇਖਣ ਲਈ ਕਿ ਝਗੜੇ ਦੇ ਕਿਸੇ ਹਿੱਸੇ ਦਾ ਨਿਪਟਾਰਾ ਕਿਸੇ ਪੜਾਅ 'ਤੇ ਸਮਝੌਤੇ ਦੁਆਰਾ ਕੀਤਾ ਜਾ ਸਕਦਾ ਹੈ, ਇੱਕ ਪ੍ਰਾਸੰਗਕ ਗੈਰ ਰਸਮੀ ਸੁਣਵਾਈ ਹੁੰਦੀ ਹੈ। ਜੇ ਨਹੀਂ ਤਾਂ ਟ੍ਰਿਬਿਊਨਲ ਫ਼ੈਸਲਾ ਕਰੇਗਾ ਕਿ ਇੱਕ ਮੁਕੰਮਲ ਸੁਣਵਾਈ ਤੱਕ ਪਹੁੰਚਣ ਲਈ ਅਰਜ਼ੀ ਨੂੰ ਯੋਗ ਬਣਾਉਣ ਵਾਸਤੇ ਅੱਗੋਂ ਕੀ ਕਦਮ ਚੁੱਕੇ ਜਾਣੇ ਚਾਹੀਦੇ ਹਨ। CMC ਤੋਂ ਬਾਅਦ ਟ੍ਰਿਬਿਊਨਲ ਉੱਪਰ ਜ਼ਿਕਰ ਕੀਤੇ ਗਏ ਨੁਕਤਿਆਂ ਨਾਲ ਨਜਿੱਠਣ ਲਈ ਧਿਰਾਂ ਦੁਆਰਾ ਚੁੱਕੇ ਜਾਣ ਵਾਲੇ ਕਦਮਾਂ ਨੂੰ ਤੈਅ ਕਰਦੇ ਹੋਏ ਨਿਰਦੇਸ਼ ਦੇਵੇਗਾ।

## ਮੁੱਢਲੀ ਸੁਣਵਾਈ ਕੀ ਹੁੰਦੀ ਹੈ?

ਇੱਕ ਮੁੱਢਲੀ ਸੁਣਵਾਈ ਇੱਕ CMC ਤੋਂ ਅੱਡ ਹੁੰਦੀ ਹੈ। ਹੋ ਸਕਦਾ ਹੈ ਕਿ ਕੁਝ ਮਾਮਲਿਆਂ ਵਿੱਚ ਕਿਸੇ ਅਰਜ਼ੀ ਜਾਂ ਕਿਸੇ ਮੁੱਦੇ ਦੀ ਪਰਮਾਣਕਤਾ ਬਾਰੇ ਸ਼ੱਕ ਹੋਵੇ ਕਿ ਟ੍ਰਿਬਿਊਨਲ ਨੂੰ ਕਿਸੇ ਅਰਜ਼ੀ ਨਾਲ ਨਜਿੱਠਣ ਦਾ ਅਧਿਕਾਰ-ਖੇਤਰ ਹੈ ਜਾਂ ਨਹੀਂ। ਉਦਾਹਰਣ ਲਈ, ਹੋ ਸਕਦਾ ਹੈ ਕਿ ਇਹ ਫ਼ੈਸਲਾ ਕਰਨ ਦੀ ਲੋੜ ਹੋਵੇ ਕਿ ਕੀ ਕੋਈ ਅਰਜ਼ੀ ਟ੍ਰਿਬਿਊਨਲ ਵੱਲੋਂ ਸਮੇਂ 'ਤੇ ਪ੍ਰਾਪਤ ਕੀਤੀ ਗਈ ਹੈ ਜਾਂ ਨਹੀਂ। ਅਜਿਹੇ ਮਾਮਲਿਆਂ ਵਿੱਚ ਟ੍ਰਿਬਿਊਨਲ ਸ਼ਾਇਦ ਇਸ ਮਾਮਲੇ 'ਤੇ ਇਕੱਲਿਆਂ ਵਿਚਾਰ ਕਰਨ ਲਈ ਪ੍ਰਬੰਧ ਕਰਕੇ ਧਿਰਾਂ ਨੂੰ ਇੱਕ ਮੁੱਢਲੀ ਸੁਣਵਾਈ ਬਾਰੇ ਸੂਚਿਤ ਕਰੇ।

ਜੇ ਟ੍ਰਿਬਿਊਨਲ ਫ਼ੈਸਲਾ ਕਰਦਾ ਹੈ ਕਿ ਅਰਜ਼ੀ ਜਾਇਜ਼ ਹੈ ਜਾਂ ਇਹ ਕਿ ਇਸ ਦੇ ਨਿਆਂ-ਖੇਤਰ ਅਧੀਨ ਹੈ ਤਾਂ ਹੋ ਸਕਦਾ ਹੈ ਕਿ ਇਹ ਉਸੇ ਤਾਰੀਖ ਨੂੰ ਮੁੱਖ ਮੁੱਦੇ 'ਤੇ ਵਿਚਾਰ ਕਰੇ (ਜੇ ਧਿਰਾਂ ਨਾਲ ਪਹਿਲਾਂ ਤੋਂ ਹੀ ਇਸ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੋਵੇ)। ਜੇ ਨਹੀਂ ਤਾਂ ਕੇਸ ਇਸ ਤੋਂ ਮਗਰੋਂ ਆਮ ਢੰਗ ਨਾਲ ਅੱਗੇ ਵਧੇਗਾ।

## ਕੀ ਕਿਸੇ ਮਾਹਰ ਦੀ ਲੋੜ ਹੁੰਦੀ ਹੈ?

ਇਹ ਕੇਸ ਦੀ ਕਿਸਮ 'ਤੇ ਨਿਰਭਰ ਕਰਦਾ ਹੈ। ਜਿੱਥੇ ਝਗੜੇ ਵਿੱਚ ਬਹੁਤੇ ਤਕਨੀਕੀ ਮਾਮਲੇ ਸ਼ਾਮਲ ਹੁੰਦੇ ਹਨ ਉਥੇ ਕਦੇ-ਕਦੇ ਮਾਹਰ ਪਰਮਾਣ ਦੀ ਲੋੜ ਹੁੰਦੀ ਹੈ। ਮਾਹਰਾਂ ਦੀ ਹਮੇਸ਼ਾ ਲੋੜ ਨਹੀਂ ਹੁੰਦੀ ਅਤੇ ਇਹ ਕੁਝ ਅਜਿਹਾ ਹੈ ਜਿਸ ਬਾਰੇ ਕੋਈ ਧਿਰ ਸ਼ਾਇਦ ਕਿਸੇ CMC ਵਿਖੇ ਵਿਚਾਰ ਕਰਨਾ ਚਾਹੇ। ਜੇ ਮਾਹਰ ਪਰਮਾਣ ਦੀ ਲੋੜ ਹੁੰਦੀ ਹੈ ਤਾਂ ਮਾਹਰ ਨੂੰ ਇੱਕ ਰਿਪੋਰਟ ਪੇਸ਼ ਕਰਨ ਲਈ ਕਿਹਾ ਜਾਏਗਾ ਜੋ ਕਿ ਉਹ ਪਰਮਾਣ ਸਥਾਪਤ ਕਰਦੀ ਹੈ ਜੋ ਉਹ ਅਰਜ਼ੀ ਦੀ ਸੁਣਵਾਈ ਸਮੇਂ ਦੇਣਗੇ। ਜੇਕਰ ਦੋਵੇਂ ਧਿਰਾਂ ਦਾ ਇਰਾਦਾ ਕਿਸੇ ਖਾਸ ਮੁੱਦੇ 'ਤੇ ਮਾਹਰ ਗਵਾਹਾਂ ਨੂੰ ਬੁਲਾਉਣ ਦਾ ਹੈ, ਤਾਂ ਹੋ ਸਕਦਾ ਹੈ ਕਿ ਮਾਹਰਾਂ ਨੂੰ ਆਪੋ-ਆਪਣੀਆਂ ਰਿਪੋਰਟਾਂ ਇੱਕ-ਦੂਜੇ ਨਾਲ ਬਦਲਣ ਲਈ ਕਿਹਾ ਜਾਵੇ ਅਤੇ ਸ਼ਾਇਦ ਸੁਣਵਾਈ ਤੋਂ ਪਹਿਲਾਂ ਇਹ ਪਤਾ ਲਗਾਉਣ ਲਈ ਮਿਲਣ ਵਾਸਤੇ ਵੀ ਕਿਹਾ ਜਾ ਸਕਦਾ ਹੈ ਕਿ ਕੀ ਮਾਮਲੇ ਦੇ ਕਿਸੇ ਪੱਖ 'ਤੇ ਸਹਿਮਤੀ ਹੋ ਸਕਦੀ ਹੈ ਜਾਂ ਨਹੀਂ। ਹੋ ਸਕਦਾ ਹੈ ਕਿ ਇੱਕੋ ਸੁਤੰਤਰ ਮਾਹਰ ਨੂੰ ਸਾਂਝੇ ਤੌਰ 'ਤੇ ਹਦਾਇਤ ਦੇਣਾ ਸੰਭਵ ਹੋਵੇ।

# ਭਾਗ ਪੰਜ

# ਮੁਆਇਨੇ ਅਤੇ ਸੁਣਵਾਈਆਂ

## ਕੀ ਟ੍ਰਿਬਿਊਨਲ ਅਹਾਤਿਆਂ ਦਾ ਦੌਰਾ ਅਤੇ ਮੁਆਇਨਾ ਕਰੇਗਾ?

ਜੀ ਹਾਂ, ਟ੍ਰਿਬਿਊਨਲ ਨੂੰ ਆਮ ਤੌਰ 'ਤੇ ਇੱਕ ਮੁਆਇਨਾ ਕਰਨ ਦੀ ਲੋੜ ਪਏਗੀ ਅਤੇ ਜੇ ਕੋਈ ਧਿਰ ਇਸ ਦੀ ਬੇਨਤੀ ਕਰੇ ਤਾਂ ਟ੍ਰਿਬਿਊਨਲ ਜਾਇਦਾਦ ਦਾ ਮੁਆਇਨਾ ਕਰੇਗਾ। ਕੋਈ ਮੁਆਇਨਾ ਆਮ ਤੌਰ 'ਤੇ ਧਿਰਾਂ ਨੂੰ ਸੂਚਤ ਕੀਤੀ ਗਈ ਤਾਰੀਖ ਅਤੇ ਲਗਭਗ ਉਸੇ ਸਮੇਂ ਹੀ ਕੀਤਾ ਜਾਵੇਗਾ। ਕਿਸੇ ਵੀ ਮਾਲਕ ਜਾਂ ਪਟਾਦਾਰ ਦੀ ਆਗਿਆ ਨਾਲ ਟ੍ਰਿਬਿਊਨਲ ਆਮ ਤੌਰ 'ਤੇ ਜਾਇਦਾਦ ਦੇ ਅੰਦਰ ਅਤੇ ਇਸ ਦੇ ਨਾਲ ਹੀ ਬਾਹਰਵਾਰ ਅਤੇ ਕੋਈ ਵੀ ਸਾਂਝੇ ਹਿੱਸਿਆਂ ਦਾ ਮੁਆਇਨਾ ਕਰਨਾ ਚਾਹੇਗਾ। LHA ਨੂੰ ਕਿਸੇ ਮਾਲਕ ਜਾਂ ਪਟਾਦਾਰ ਦੀ ਆਗਿਆ ਨਾਲ ਮੌਜੂਦ ਰਹਿਣ ਦਾ ਹੱਕ ਹੈ। ਮੁਆਇਨਾ ਆਮ ਤੌਰ 'ਤੇ ਸੁਣਵਾਈ ਜਾਂ ਫ਼ੈਸਲੇ ਵਾਲੇ ਦਿਨ ਨੂੰ ਕੀਤਾ ਜਾਵੇਗਾ। ਜੇ ਟ੍ਰਿਬਿਊਨਲ ਪਹੁੰਚ ਕਰਨ ਵਿੱਚ ਅਸਮਰੱਥ ਹੁੰਦਾ ਹੈ ਤਾਂ ਹੋ ਸਕਦਾ ਹੈ ਕਿ ਇਹ ਇੱਕ ਹੋਰ ਅਪੁਆਇੰਟਮੈਂਟ ਲੈਣ ਅਤੇ ਮਾਮਲੇ ਨੂੰ ਉਦੋਂ ਤੱਕ ਮੁਲਤਵੀ ਕਰਨ ਦਾ ਫ਼ੈਸਲਾ ਕਰੇ। ਵਿਕਲਪਕ ਰੂਪ ਵਿੱਚ ਹੋ ਸਕਦਾ ਹੈ ਕਿ ਇਹ ਫ਼ੈਸਲਾ ਕਰੇ ਕਿ ਇਸ ਕੋਲ ਅੱਗੇ ਵਧਣ ਯੋਗ ਹੋਣ ਲਈ ਕਾਫ਼ੀ ਜਾਣਕਾਰੀ ਹੈ ਜਿਸ ਵਿੱਚ ਉਹ ਜਾਣਕਾਰੀ ਵੀ ਸ਼ਾਮਲ ਹੈ ਜੋ ਕਿਸੇ ਬਾਹਰੀ ਮੁਆਇਨੇ ਤੋਂ ਪ੍ਰਾਪਤ ਹੋਈ ਹੈ ਅਤੇ ਇੱਕ ਅੰਦਰੂਨੀ ਮੁਆਇਨੇ ਦੀ ਗੈਰਮੌਜੂਦਗੀ ਵਿੱਚ ਕੋਈ ਫ਼ੈਸਲਾ ਕਰ ਸਕਦਾ ਹੈ।

## ਕੀ ਧਿਰਾਂ ਮੁਆਇਨੇ ਸਮੇਂ ਕੁਝ ਕਹਿ ਸਕਦੀਆਂ ਹਨ?

ਦੋਵੇਂ ਧਿਰਾਂ ਜਾਇਦਾਦ ਦੇ ਕਿਸੇ ਵੀ ਭੌਤਕ ਪੱਖ ਵੱਲ ਧਿਆਨ ਖਿੱਚ ਸਕਦੀਆਂ ਹਨ ਜੋ ਉਹ ਚਾਹੁੰਦੀਆਂ ਹਨ ਕਿ ਟ੍ਰਿਬਿਊਨਲ ਦੇਖੇ, ਪਰ ਕੋਈ ਨੁਮਾਇੰਦਗੀ ਨਾ ਕਰੇ। ਨੁਮਾਇੰਦਗੀਆਂ ਲਾਜ਼ਮੀ ਰੂਪ ਵਿੱਚ ਸੁਣਵਾਈ ਲਈ (ਜੇ ਕੋਈ ਹੋਵੇ ਤਾਂ) ਰੱਖੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਲਿਖਤੀ ਰੂਪ ਵਿੱਚ ਬਣਾਈਆਂ ਗਈਆਂ ਹੋਣ।

## ਸੁਣਵਾਈ ਕੀ ਹੁੰਦੀ ਹੈ?

ਇੱਕ 'ਸੁਣਵਾਈ' ਉਹ ਹੁੰਦੀ ਹੈ ਜਿਥੇ ਟ੍ਰਿਬਿਊਨਲ ਕਿਸੇ ਖਾਸ ਸਮੇਂ ਅਤੇ ਜਗ੍ਹਾ 'ਤੇ ਧਿਰਾਂ ਨੂੰ ਆਪੋ-ਆਪਣੇ ਮਾਮਲਿਆਂ ਨੂੰ ਟ੍ਰਿਬਿਊਨਲ ਅੱਗੇ ਪੇਸ਼ ਕਰਨ ਦੇ ਯੋਗ ਬਣਾਉਣ ਦੇ ਉਦੇਸ਼ ਨਾਲ ਬੈਠਦਾ ਹੈ। ਕੋਈ ਧਿਰ ਆਪ ਬੋਲ ਸਕਦੀ ਹੈ, ਜਾਂ ਉਹਨਾਂ ਦੇ ਲਈ ਕੋਈ ਹੋਰ, ਭਾਵੇਂ ਪੇਸ਼ੇਵਰ ਰੂਪ ਵਿੱਚ ਯੋਗਤਾ ਪ੍ਰਾਪਤ ਹੋਵੇ ਜਾਂ ਨਾ ਹੋਵੇ, ਬੋਲ ਸਕਦਾ ਹੈ। ਉਦਾਹਰਣ ਲਈ ਇਹ ਕੋਈ ਰਿਸ਼ਤੇਦਾਰ ਜਾਂ ਦੋਸਤ ਹੋ ਸਕਦਾ ਹੈ।

ਧਿਰਾਂ ਨੂੰ ਕਿਸੇ ਸੁਣਵਾਈ ਤੋਂ ਪਹਿਲਾਂ ਦਸਤਾਵੇਜ਼ ਪੇਸ਼ ਕਰਨੇ ਚਾਹੀਦੇ ਹਨ।

## ਜੇ ਕੋਈ ਸੁਣਵਾਈ ਕੀਤੀ ਜਾਂਦੀ ਹੈ, ਤਾਂ ਕੀ ਆਮ ਅਦਾਲਤੀ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਵੇਗੀ?

ਜੀ ਨਹੀਂ। ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲਾਂ ਵਰਗੇ ਟ੍ਰਿਬਿਊਨਲ ਫ਼ੈਸਲਾ ਕਰਨ ਵਾਲੇ ਅਦਾਰੇ ਹੁੰਦੇ ਹਨ ਜਿਹੜੇ ਸੰਸਦ ਦੁਆਰਾ ਵਿਸ਼ੇਸ਼ ਰੂਪ ਵਿੱਚ ਕੁਝ ਖਾਸ ਕਿਸਮਾਂ ਦੀਆਂ ਅਸਹਿਮਤੀਆਂ ਨੂੰ ਜਲਦੀ ਨਾਲ ਨਜਿੱਠੇ ਜਾਣ ਯੋਗ ਬਣਾਉਣ ਲਈ ਇਸ ਢੰਗ ਨਾਲ ਕਾਇਮ ਕੀਤੇ ਹੁੰਦੇ ਹਨ ਜੋ ਰਸਮੀ ਕਾਰਵਾਈ ਅਤੇ ਉਸ ਖਰਚੇ ਨੂੰ ਟਾਲਦਾ ਹੈ ਜਿਸ ਦੁਆਲੇ ਆਮ ਅਦਾਲਤੀ ਕਾਰਵਾਈਆਂ ਹੁੰਦੀਆਂ ਹਨ। ਸੁਣਵਾਈਆਂ ਆਮ ਤੌਰ 'ਤੇ ਕਿਸੇ ਅਰਾਮਦਾਇਕ ਸਥਾਨਕ ਇਮਾਰਤ ਵਿੱਚ ਕੀਤੀਆਂ ਜਾਂਦੀਆਂ ਹਨ ਅਤੇ ਹੋ ਸਕਦਾ ਹੈ ਜਿਥੇ ਢੁੱਕਵਾਂ ਹੋਵੇ ਇਹ ਥਾਂ ਟ੍ਰਿਬਿਊਨਲ ਦਾ ਦਫ਼ਤਰ ਵੀ ਹੋ ਸਕਦੀ ਹੈ। ਸੁਣਵਾਈਆਂ ਜਨਤਾ ਲਈ ਖੁੱਲ੍ਹੀਆਂ ਹੁੰਦੀਆਂ ਹਨ, ਭਾਵੇਂ ਆਮ ਤੌਰ 'ਤੇ ਸਿਰਫ਼ ਧਿਰਾਂ, ਉਹਨਾਂ ਦੇ ਨੁਮਾਇੰਦੇ ਅਤੇ ਉਹਨਾਂ ਦੇ ਗਵਾਹ, ਟ੍ਰਿਬਿਊਨਲ ਅਤੇ ਕੇਸ ਅਫ਼ਸਰ ਹੀ ਮੌਜੂਦ ਹੋਣਗੇ। ਕਾਰਵਾਈਆਂ ਵਿਵਸਥਿਤ ਪਰ ਗੈਰ-ਰਸਮੀ ਹੁੰਦੀਆਂ ਹਨ।

ਬਿਨੈਕਾਰ ਨੂੰ ਆਪਣਾ ਕੇਸ ਪੇਸ਼ ਕਰਨ ਲਈ ਕਿਹਾ ਜਾਂਦਾ ਹੈ। ਉਹਨਾਂ ਨੂੰ ਦੂਜੀ ਧਿਰ ਦੁਆਰਾ ਸਵਾਲ ਪੁੱਛੇ ਜਾ ਸਕਦੇ ਹਨ, ਜੋ ਕਿ ਫੇਰ ਆਪਣਾ ਕੇਸ ਪੇਸ਼ ਕਰ ਸਕਦੀ ਹੈ ਅਤੇ ਬਦਲੇ ਵਿੱਚ ਉਸ ਨੂੰ ਸਵਾਲ ਪੁੱਛੇ ਜਾ ਸਕਦੇ ਹਨ। ਕਾਰਵਾਈਆਂ ਦਾ ਉਦੇਸ਼ ਦੋਹਾਂ ਧਿਰਾਂ ਨੂੰ ਟ੍ਰਿਬਿਊਨਲ ਅੱਗੇ ਆਪਣਾ ਕੇਸ ਆਪਣੇ ਸ਼ਬਦਾਂ ਵਿੱਚ ਜਾਂ ਉਹਨਾਂ ਦੇ ਵੱਲੋਂ ਕਿਸੇ ਹੋਰ ਨੂੰ ਪੇਸ਼ ਕਰਨ ਯੋਗ ਬਣਾਉਣਾ ਹੁੰਦਾ ਹੈ। ਚੇਅਰਮੈਨ ਇਹ ਯਕੀਨੀ ਬਣਾਉਣਾ ਚਾਹੇਗਾ ਕਿ ਕੋਈ ਵੀ ਨੁਮਾਇੰਦਗੀ ਨਾ ਕੀਤੇ ਜਾਣ ਦੇ ਨੁਕਸਾਨ ਵਿੱਚ ਨਾ ਰਹੇ। ਉਹ ਇਹ ਯਕੀਨੀ ਬਣਾਏਗਾ ਜਾਂ ਬਣਾਏਗੀ ਕਿ ਦੋਵੇਂ ਧਿਰਾਂ ਇਹ ਸਮਝਣ ਕਿ ਦੂਜੀ ਧਿਰ ਕੀ ਕਰ ਰਹੀ ਹੈ। ਹੋ ਸਕਦਾ ਹੈ ਕਿ ਟ੍ਰਿਬਿਊਨਲ ਕਿਸੇ ਮੌਜੂਦ ਧਿਰ ਨੂੰ ਇਹ ਯਕੀਨੀ ਬਣਾਉਣ ਲਈ ਸਵਾਲ ਪੁੱਛੇ ਕਿ ਇਸ ਕੋਲ ਸਾਰੇ ਲੋੜੀਂਦੇ ਤੱਥ ਹੋਣ।

## ਜੇ ਇੱਕ ਜਾਂ ਦੋਵੇਂ ਧਿਰਾਂ ਸੁਣਵਾਈ ਵਿੱਚ ਹਾਜ਼ਰ ਨਹੀਂ ਹੁੰਦੀਆਂ ਤਾਂ ਕੀ ਹੁੰਦਾ ਹੈ?

ਭਾਵੇਂ ਇੱਕ ਜਾਂ ਦੋਵੇਂ ਧਿਰਾਂ ਹਾਜ਼ਰ ਨਾ ਹੋਈਆਂ ਹੋਣ ਤਾਂ ਟ੍ਰਿਬਿਊਨਲ ਅੱਗੇ ਵੱਧ ਸਕਦਾ ਹੈ ਅਤੇ ਫ਼ੈਸਲਾ ਲੈ ਸਕਦਾ ਹੈ ਜੇ ਉਹ ਸੰਤੁਸ਼ਟ ਹੋਣ ਕਿ ਸੁਣਵਾਈ ਦੀ ਉੱਚਿਤ ਸੂਚਨਾ ਦਿੱਤੀ ਜਾ ਚੁੱਕੀ ਹੈ।

## ਕੀ ਕਿਸੇ ਸੁਣਵਾਈ ਨੂੰ ਟ੍ਰਿਬਿਊਨਲ ਦੁਆਰਾ ਟਾਲਿਆ ਜਾਂ ਮੁਲਤਵੀ ਕੀਤਾ ਜਾ ਸਕਦਾ ਹੈ?

ਜੀ ਹਾਂ। ਕਿਸੇ ਧਿਰ ਨੂੰ ਟ੍ਰਿਬਿਊਨਲ ਨੂੰ ਇੱਕ ਸੁਣਵਾਈ ਨੂੰ ਟਾਲਣ ਜਾਂ ਮੁਲਤਵੀ ਕਰਨ ਲਈ ਕਹਿਣ ਦਾ ਅਧਿਕਾਰ ਹੁੰਦਾ ਹੈ ਅਤੇ ਦਰਅਸਲ ਟ੍ਰਿਬਿਊਨਲ ਅਜਿਹਾ ਕਰਨ ਦਾ ਫ਼ੈਸਲਾ ਆਪਣੀ ਇੱਛਾ ਨਾਲ ਕਰ ਸਕਦਾ ਹੈ। ਹਾਲਾਂਕਿ, ਅਜਿਹਾ ਸਿਰਫ਼ ਤਾਂ ਹੀ ਕੀਤਾ ਜਾਵੇਗਾ ਜੇ ਕੋਈ ਮੁਨਾਸਬ ਕਾਰਨ ਹੋਵੇ ਅਤੇ ਟ੍ਰਿਬਿਊਨਲ ਇਹ ਮੰਨਦਾ ਹੋਵੇ ਕਿ ਕੋਈ ਵੀ ਧਿਰ ਅਨਿਆਂਪੂਰਨ ਢੰਗ ਨਾਲ ਪ੍ਰਭਾਵਤ ਨਹੀਂ ਹੋਈ ਹੈ। ਜੇ ਤੁਸੀਂ ਟਾਲਣ ਵਾਸਤੇ ਅਰਜ਼ੀ ਦੇਣਾ ਚਾਹੋ, ਤਾਂ ਤੁਹਾਨੂੰ ਪੂਰੇ ਕਾਰਨ ਦਸਦੇ ਹੋਏ ਟ੍ਰਿਬਿਊਨਲ ਨੂੰ ਲਿਖਣਾ ਚਾਹੀਦਾ ਹੈ। ਤੁਹਾਨੂੰ ਆਪਣੀ ਚਿੱਠੀ ਦੀ ਕਾਪੀ ਦੂਜੀ ਧਿਰ (ਦੂਜੀਆਂ ਧਿਰਾਂ) ਨੂੰ ਭੇਜਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਟਿੱਪਣੀ ਕਰਨ ਲਈ ਸੱਦਿਆ ਜਾਵੇਗਾ।

## ਕੀ ਕੋਈ ਬਿਨੈਕਾਰ ਆਪਣੀ ਅਰਜ਼ੀ ਵਾਪਸ ਲੈ ਸਕਦਾ/ਸਕਦੀ ਹੈ?

ਕੋਈ ਬਿਨੈਕਾਰ ਅਰਜ਼ੀ ਦੇ ਨਿਰਧਾਰਣ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣੀ ਪੂਰੀ ਅਰਜ਼ੀ ਜਾਂ ਇਸ ਦਾ ਕੁਝ ਹਿੱਸਾ ਵਾਪਸ ਲੈ ਸਕਦਾ/ਸਕਦੀ ਹੈ। ਵਾਪਸ ਲੈਣ ਲਈ ਬਿਨੈਕਾਰ ਨੂੰ ਟ੍ਰਿਬਿਊਨਲ ਨੂੰ ਇਹ ਲਿਖ ਕੇ ਦੱਸਣਾ ਲਾਜ਼ਮੀ ਹੈ ਕਿ ਕੀ ਅਰਜ਼ੀ ਦਾ ਪੂਰਾ ਜਾਂ ਕੁਝ ਹਿੱਸਾ ਵਾਪਸ ਲਿਆ ਗਿਆ ਹੈ ਜਾਂ ਨਹੀਂ। ਇਸ ਸੂਚਨਾ ਦੀ ਇੱਕ ਨਕਲ ਲਾਜ਼ਮੀ ਰੂਪ ਵਿੱਚ ਹੋਰਨਾਂ ਸਾਰੀਆਂ ਧਿਰਾਂ ਨੂੰ ਭੇਜਣੀ ਚਾਹੀਦੀ ਹੈ ਅਤੇ ਟ੍ਰਿਬਿਊਨਲ ਨੂੰ ਲਾਜ਼ਮੀ ਰੂਪ ਵਿੱਚ ਇਹ ਸੂਚਤ ਕੀਤਾ ਜਾਣਾ ਚਾਹੀਦਾ ਹੈ ਕਿ ਅਜਿਹਾ ਕਰ ਦਿੱਤਾ ਗਿਆ ਹੈ। ਕੁਝ ਮਾਮਲਿਆਂ ਵਿੱਚ ਹੋ ਸਕਦਾ ਹੈ ਕਿ ਜੇਕਰ ਬਕਾਇਆ ਮੁੱਦੇ ਖੜ੍ਹੇ ਹੋਣ ਤਾਂ ਟ੍ਰਿਬਿਊਨਲ ਤੁਰੰਤ ਅਰਜ਼ੀ ਵਾਪਸ ਲਏ ਜਾਣ ਦੀ ਆਗਿਆ ਨਾ ਦੇਵੇ।

# ਭਾਗ ਛੇ

# ਫ਼ੈਸਲਾ ਅਤੇ ਇਸ ਤੋਂ ਮਗਰੋਂ

## ਟ੍ਰਿਬਿਊਨਲ ਆਪਣਾ ਫ਼ੈਸਲਾ ਕਦੋਂ ਕਰੇਗਾ?

ਟ੍ਰਿਬਿਊਨਲ ਕਿਸੇ ਸੁਣਵਾਈ ਸਮੇਤ ਕਾਰਵਾਈਆਂ ਦੇ ਫ਼ੈਸਲੇ ਮਗਰੋਂ ਜਿੰਨੀ ਛੇਤੀ ਹੋ ਸਕੇ ਆਪਣਾ ਫ਼ੈਸਲਾ ਕਰੇਗਾ।

## ਟ੍ਰਿਬਿਊਨਲ ਆਪਣਾ ਫ਼ੈਸਲਾ ਕਿਵੇਂ ਦੇਵੇਗਾ?

ਕੁਝ ਮਾਮਲਿਆਂ ਵਿੱਚ ਟ੍ਰਿਬਿਊਨਲ ਆਪਣਾ ਫ਼ੈਸਲਾ ਸੁਣਵਾਈ ਮਗਰੋਂ ਜ਼ਬਾਨੀ ਦੇਵੇਗਾ। ਹਾਲਾਂਕਿ, ਸਾਰੇ ਮਾਮਲਿਆਂ ਵਿੱਚ ਕੇਸ ਅਫ਼ਸਰ ਧਿਰਾਂ ਨੂੰ ਲਿਖੇਗਾ ਅਤੇ ਲਿਖਤੀ ਫ਼ੈਸਲੇ ਨੂੰ ਨਾਲ ਨੱਥੀ ਕਰੇਗਾ।

## ਕੀ ਟ੍ਰਿਬਿਊਨਲ ਇੱਕ ਧਿਰ ਨੂੰ ਦੂਜੀ ਧਿਰ ਦੇ ਖਰਚਿਆਂ ਦਾ ਭੁਗਤਾਨ ਕਰਨ ਦਾ ਹੁਕਮ ਦੇ ਸਕਦਾ ਹੈ?

ਜੀ ਹਾਂ, ਪਰ ਸਿਰਫ਼ ਕੁਝ ਛੋਟਵੇਂ ਮਾਮਲਿਆਂ ਵਿੱਚ। ਹਾਊਸਿੰਗ ਐਕਟ 2004 ਟ੍ਰਿਬਿਊਨਲ ਨੂੰ ਇਹ ਹੁਕਮ ਦੇਣ ਲਈ ਸੀਮਤ ਜਿਹੀ ਸ਼ਕਤੀ ਦਿੰਦਾ ਹੈ ਕਿ ਇੱਕ ਧਿਰ ਦੂਜੀ ਧਿਰ ਦੇ ਖਰਚਿਆਂ ਦਾ ਭੁਗਤਾਨ ਕਰੇ। ਇਹ ਸ਼ਕਤੀ ਸਿਰਫ਼ ਤਾਂ ਹੀ ਵਰਤੀ ਜਾ ਸਕਦੀ ਹੈ ਜਿਥੇ ਕੋਈ ਧਿਰ ਟ੍ਰਿਬਿਊਨਲ ਵੱਲੋਂ ਦਿੱਤੇ ਗਏ ਕਿਸੇ ਹੁਕਮ ਦੀ ਪਾਲਣਾ ਕਰਨ ਵਿੱਚ ਅਸਫ਼ਲ ਹੋ ਗਈ ਹੋਵੇ, ਜਾਂ ਜਿਥੇ ਕੋਈ ਅਰਜ਼ੀ ਭੰਗ ਕਰ ਦਿੱਤੀ ਗਈ ਹੋਵੇ ਜਾਂ ਕੋਈ ਧਿਰ ਕਾਰਵਾਈਆਂ ਦੇ ਸਬੰਧ ਵਿੱਚ ਹੋਛੇ, ਖਿਝਾਉਣ ਵਾਲੇ, ਬਦਸਲੂਕੀ ਭਰੇ, ਵਿਨਾਸ਼ਕਾਰੀ ਜਾਂ ਓਦਾਂ ਨਾਮੁਨਾਸਬ ਢੰਗ ਨਾਲ ਪੇਸ਼ ਆਈ ਹੋਵੇ। ਅਜਿਹੇ ਖਰਚੇ ਪ੍ਰਤੀ ਵਿਅਕਤੀ ਵੱਧ ਤੋਂ ਵੱਧ £500 ਤੱਕ ਸੀਮਤ ਹੁੰਦੇ ਹਨ। ਇਸ ਤੋਂ ਇਲਾਵਾ, ਅਜਿਹਾ ਹੁਕਮ ਉਦੋਂ ਤੱਕ ਨਹੀਂ ਦਿੱਤਾ ਜਾ ਸਕਦਾ, ਜਦੋਂ ਤੱਕ ਧਿਰ ਨੂੰ ਟ੍ਰਿਬਿਊਨਲ ਨੂੰ ਮਾਮਲੇ 'ਤੇ ਨੁਮਾਇੰਦਗੀ ਕਰਨ ਦਾ ਇੱਕ ਮੌਕਾ ਨਾ ਦਿੱਤਾ ਗਿਆ ਹੋਵੇ। ਦੂਜੇ ਸਾਰੇ ਮਾਮਲਿਆਂ ਵਿੱਚ ਹਰੇਕ ਧਿਰ ਲਈ ਆਪੋ-ਆਪਣੇ ਖਰਚੇ ਭਰਨਾ ਲਾਜ਼ਮੀ ਹੁੰਦਾ ਹੈ।

## ਕੀ ਟ੍ਰਿਬਿਊਨਲ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ?

ਟ੍ਰਿਬਿਊਨਲ ਆਪਣੇ ਖੁਦ ਦੇ ਫ਼ੈਸਲੇ 'ਤੇ ਮੁੜ-ਵਿਚਾਰ ਨਹੀਂ ਕਰ ਸਕਦਾ। ਹਾਲਾਂਕਿ, ਕੋਈ ਵੀ ਧਿਰ ਲੈਂਡਜ਼ ਟ੍ਰਿਬਿਊਨਲ ਨੂੰ ਫ਼ੈਸਲੇ 'ਤੇ ਅਪੀਲ ਕਰ ਸਕਦੀ ਹੈ। ਅਪੀਲ ਕਰਨ ਦੀ ਆਗਿਆ ਜਾਂ ਤਾਂ ਟ੍ਰਿਬਿਊਨਲ ਜਾਂ ਲੈਂਡਜ਼ ਟ੍ਰਿਬਿਊਨਲ ਦੁਆਰਾ ਹੀ ਦਿੱਤੀ ਜਾਣੀ ਚਾਹੀਦੀ ਹੈ। ਅਪੀਲ ਕਰਨ ਦੀ ਆਗਿਆ ਲਈ ਕੋਈ ਵੀ ਅਰਜ਼ੀ ਲਾਜ਼ਮੀ ਰੂਪ ਵਿੱਚ ਉਸ ਤਾਰੀਖ ਦੇ 21 ਦਿਨਾਂ ਦੇ ਅੰਦਰ-ਅੰਦਰ ਦਿੱਤੀ ਜਾਣੀ ਲਾਜ਼ਮੀ ਹੁੰਦੀ ਹੈ, ਭਾਵੇਂ ਟ੍ਰਿਬਿਊਨਲ ਕੋਲ ਛੋਟਵੇਂ ਹਾਲਾਤ ਵਿੱਚ ਉਸ ਸਮੇਂ ਨੂੰ ਵਧਾਉਣ ਦੀ ਸ਼ਕਤੀ ਹੁੰਦੀ ਹੈ।

ਲੈਂਡਸ ਟ੍ਰਿਬਿਊਨਲ ਅਪੀਲ ਕਰਨ ਦੀ ਆਗਿਆ ਲਈ ਕੋਈ ਅਰਜ਼ੀ ਤਾਂ ਹੀ ਪਰਵਾਨ ਕਰੇਗਾ ਜੇ ਪਹਿਲਾਂ ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਵੱਲੋਂ ਆਗਿਆ ਨਾਮਨਜ਼ੂਰ ਹੋ ਗਈ ਹੋਵੇ। ਉਸ ਟ੍ਰਿਬਿਊਨਲ ਵੱਲੋਂ ਆਗਿਆ ਰੱਦ ਹੋ ਜਾਣ ਮਗਰੋਂ, ਧਿਰਾਂ ਕੋਲ ਖੁਦ ਲੈਂਡਸ ਟ੍ਰਿਬਿਊਨਲ ਤੋਂ ਅਪੀਲ ਕਰਨ ਦੀ ਆਗਿਆ ਮੰਗਣ ਲਈ 14 ਦਿਨ ਦਾ ਸਮਾਂ ਹੁੰਦਾ ਹੈ।

## ਜੇ ਕੋਈ ਧਿਰ ਮਾਮਲੇ ਨੂੰ ਨਜਿੱਠੇ ਜਾਣ ਤੋਂ ਨਾਖੁਸ਼ ਹੈ, ਤਾਂ ਕੋਈ ਸ਼ਿਕਾਇਤ ਕਿਸ ਨੂੰ ਕੀਤੀ ਜਾਣੀ ਚਾਹੀਦੀ ਹੈ?

ਪੈਨਲ ਸਟਾਫ਼ ਨੇ ਜਿਸ ਢੰਗ ਨਾਲ ਕੋਈ ਮਾਮਲਾ ਨਜਿੱਠਿਆ ਹੈ, ਉਸ ਬਾਰੇ ਕੋਈ ਸ਼ਿਕਾਇਤ ਸਬੰਧਤ ਪੈਨਲ ਦੇ ਰੀਜਨਲ ਮੈਨੇਜਰ ਨੂੰ ਲਿਖਤੀ ਰੂਪ ਵਿੱਚ ਕੀਤੀ ਜਾਣੀ ਚਾਹੀਦੀ ਹੈ। ਕਿਸੇ ਰੀਜਨਲ ਮੈਨੇਜਰ ਦੇ ਆਚਰਣ ਬਾਰੇ ਇੱਕ ਸ਼ਿਕਾਇਤ ਮੁੱਖ ਕਾਰਜਕਾਰੀ, ਜੋ ਕਿ ਕਾਰਪੋਰੇਟ ਯੂਨਿਟ ਦਾ ਮੁਖੀ ਹੁੰਦਾ ਹੈ, ਨੂੰ ਲਿਖਤੀ ਰੂਪ ਵਿੱਚ ਇਸ ਮਾਰਗ ਦਰਸ਼ਨ ਦੀ ਅੰਤਿਕਾ 2 ਵਿੱਚ ਦਿੱਤੇ ਪਤੇ 'ਤੇ ਕੀਤੀ ਜਾਣੀ ਚਾਹੀਦੀ ਹੈ।

ਕੋਈ ਧਿਰ ਜਿਸਦੀ ਸ਼ਿਕਾਇਤ ਕਿਸੇ ਟ੍ਰਿਬਿਊਨਲ ਮੈਂਬਰ ਜਾਂ ਮੈਂਬਰਾਂ ਦੇ ਬਾਰੇ ਹੁੰਦੀ ਹੈ, ਨੂੰ ਪੈਨਲ ਦੇ ਪ੍ਰਧਾਨ ਨੂੰ ਲਿਖਣਾ ਚਾਹੀਦਾ ਹੈ। ਜੇ ਉਹ ਧਿਰ ਪ੍ਰਧਾਨ ਦੇ ਜਵਾਬ ਤੋਂ ਨਾਖੁਸ਼ ਹੋਵੇ, ਤਾਂ ਉਹ ਸੀਨੀਅਰ ਪ੍ਰਧਾਨ ਨੂੰ, ਇਸ ਪਤੇ 'ਤੇ ਲਿਖ ਸਕਦੀ ਹੈ

RPTS Corporate Unit

3rd Floor, 10 Alfred Place

London

WC1E 7LR

ਟੈਲੀ: 020 7446 7750

ਸ਼ਿਕਾਇਤ ਮਿਲਣ ਦੇ 2 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਉਹਨਾਂ ਨੂੰ ਇੱਕ ਪਹੁੰਚ ਰਸੀਦ ਮਿਲੇਗੀ। ਇੱਕ ਮੁਕੰਮਲ ਜਵਾਬ 28 ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਆਏਗਾ, ਜਾਂ ਸ਼ਿਕਾਇਤਕਰਤਾ ਨੂੰ ਕਿਸੇ ਤਰ੍ਹਾਂ ਦੀ ਦੇਰੀ ਬਾਰੇ ਸੂਚਨਾ ਦਿੱਤੀ ਜਾਵੇਗੀ। ਸ਼ਿਕਾਇਤਾਂ ਬਾਰੇ ਸਾਡੀ ਪ੍ਰਕਿਰਿਆ ਬਾਰੇ ਮੁਕੰਮਲ ਵੇਰਵੇ ਇਸ਼ਤਿਹਾਰਾਂ UWS-6 ਵਿੱਚ ਉਪਲਬਧ ਹਨ, ਜੋ ਬੇਨਤੀ ਕਰਕੇ RPTS ਤੋਂ ਲਏ ਜਾ ਸਕਦੇ ਹਨ। ਬਦਇੰਤਜ਼ਾਮੀ ਬਾਰੇ ਕਿਸੇ ਸ਼ਿਕਾਇਤ ਦੀ ਤਫ਼ਤੀਸ਼ ਕਰਨ ਲਈ ਕਿਸੇ ਵਿਅਕਤੀ ਨੂੰ ਆਪਣੇ ਐਮ.ਪੀ. ਨੂੰ ਸੰਸਦੀ ਲੋਕਪਾਲ ਨੂੰ ਪੁੱਛਣ ਲਈ ਕਹਿਣ ਦਾ ਹੱਕ ਹੁੰਦਾ ਹੈ।

## ਕੀ ਮਨੁੱਖੀ ਅਧਿਕਾਰਾਂ ਬਾਰੇ ਕਨੂੰਨ 1998 RPT ਕਾਰਵਾਈਆਂ 'ਤੇ ਲਾਗੂ ਹੁੰਦਾ ਹੈ?

ਜੀ ਹਾਂ। ਕਿਸੇ ਅਰਜ਼ੀ ਦੀਆਂ ਧਿਰਾਂ ਮਨੁੱਖੀ ਅਧਿਕਾਰ ਕਨੂੰਨ 1998 ਦੇ ਪ੍ਰਬੰਧਾਂ ਦੇ ਲਾਭ ਲਈ ਹੱਕਦਾਰ ਹਨ। ਅਸਲ ਵਿੱਚ, ਇਹ ਉਹਨਾਂ ਨੂੰ ਮਨੁੱਖੀ ਅਧਿਕਾਰਾਂ 'ਤੇ ਯੂਰਪੀਅਨ ਕਨਵੈਨਸ਼ਨ ਦੇ ਮੁਤਾਬਕ ਉਹਨਾਂ ਦਾ ਕੇਸ ਨਿਪਟਾਏ ਜਾਣ ਦਾ ਹੱਕ ਦਿੰਦਾ ਹੈ। ਕਨਵੈਨਸ਼ਨ ਦੀ ਧਾਰਾ 6 ਦੀ ਵਿਸ਼ੇਸ਼ ਪ੍ਰਾਸੰਗਕਤਾ ਹੈ ਜੋ ਇਹ ਕਹਿੰਦੀ ਹੈ ਕਿ ਧਿਰਾਂ ਨੂੰ ਇੱਕ ਮੁਨਾਸਬ ਸਮੇਂ ਦੇ ਅੰਦਰ-ਅੰਦਰ ਅਤੇ ਇੱਕ ਨਿਰਪੱਖ ਟ੍ਰਿਬਿਊਨਲ ਦੇ ਸਾਹਮਣੇ ਇੱਕ ਨਿਆਂਸੰਗਤ ਸੁਣਵਾਈ ਦਾ ਅਧਿਕਾਰ ਹੈ। ਇਸ ਵਿੱਚ ਉਹਨਾਂ ਨੂੰ ਆਪਣਾ ਕੇਸ ਪੇਸ਼ ਕਰਨ ਅਤੇ ਦੂਜੀ ਧਿਰ ਦੁਆਰਾ ਲਿਆਂਦੇ ਗਏ ਕੇਸ 'ਤੇ ਸਵਾਲ ਕਰਨ ਅਤੇ ਟ੍ਰਿਬਿਊਨਲ ਦੇ ਫ਼ੈਸਲੇ ਲਈ ਕਾਰਨ ਦਿੱਤੇ ਜਾਣ ਦਾ ਅਧਿਕਾਰ ਸ਼ਾਮਲ ਹੁੰਦਾ ਹੈ। ਧਾਰਾ 8 ਵੀ ਪ੍ਰਾਸੰਗਕ ਹੈ, ਜਿਹੜੀ ਕਹਿੰਦੀ ਹੈ ਕਿ ਹਰ ਇੱਕ ਨੂੰ ਆਪਣੀ ਨਿੱਜੀ ਜ਼ਿੰਦਗੀ, ਆਪਣੇ ਘਰ ਅਤੇ ਆਪਣੇ ਚਿੱਠੀ-ਪੱਤਰ ਲਈ ਸਤਿਕਾਰ ਦਾ ਅਧਿਕਾਰ ਹੈ ਅਤੇ ਇਹ ਕਿ ਜਾਇਦਾਦ ਦਾ ਕੋਈ ਅੰਦਰੂਨੀ ਮੁਆਇਨਾ ਸਿਰਫ਼ ਮਾਲਕ ਜਾਂ ਪਟਾਦਾਰ ਦੀ ਸਹਿਮਤੀ ਨਾਲ ਹੀ ਕੀਤਾ ਜਾਵੇਗਾ।

ਆਪਣੇ ਫ਼ੈਸਲੇ ਕਰਨ ਵਿੱਚ, ਟ੍ਰਿਬਿਊਨਲ ਕਨਵੈਨਸ਼ਨ ਵਿੱਚ ਸ਼ਾਮਲ ਕੀਤੇ ਗਏ ਅਧਿਕਾਰਾਂ ਦਾ ਧਿਆਨ ਰੱਖਣ ਲਈ ਅਤੇ ਜਿਥੇ ਸੰਭਵ ਹੋਵੇ ਕਨੂੰਨ ਦੀ ਉਹਨਾਂ ਅਧਿਕਾਰਾਂ ਦੇ ਨਾਲ ਇਕਸਾਰਤਾ ਸਹਿਤ ਵਿਆਖਿਆ ਕਰਨ ਲਈ ਪਾਬੰਦ ਹਨ।

# ਅੰਤਿਕਾ 1

## ਹਾਊਸਿੰਗ ਐਕਟ 2004 ਜਾਂ ਹਾਊਸਿੰਗ ਐਕਟ 1985 ਹੇਠ ਰਿਹਾਇਸ਼ੀ ਜਾਇਦਾਦ ਟ੍ਰਿਬਿਊਨਲਾਂ ਨੂੰ ਅਰਜ਼ੀਆਂ ਦੀ ਸੂਚੀ

(ਇਸ ਸੂਚੀ ਦਾ ਸਬੰਧ ਸਿਰਫ਼ ਸੁਧਾਰ ਦੀਆਂ ਸੂਚਨਾਵਾਂ, ਮਨਾਹੀ ਦੀਆਂ ਸੂਚਨਾਵਾਂ, ਢਾਹੁਣ ਦੇ ਹੁਕਮਾਂ ਅਤੇ ਐਮਰਜੈਂਸੀ ਉਪਾਅ ਕਾਰਵਾਈ ਨਾਲ ਸਬੰਧਤ ਮਾਮਲਿਆਂ ਨਾਲ ਹੈ)

| ਨੰਬਰ | ਹਾਊਸਿੰਗ ਐਕਟ 2004 ਦੇ ਪ੍ਰਬੰਧ | ਅਰਜ਼ੀ ਦੀ ਕਿਸਮ | ਅਪੀਲ ਲਈ ਸਮਾਂ ਹੱਦ |
|---|---|---|---|
| 1.* | ਅਨੁਸੂਚੀ 1, 10(1) | **ਸੁਧਾਰ ਸੂਚਨਾ**<br>ਕਿਸੇ ਸੁਧਾਰ ਸੂਚਨਾ ਵਿਰੁੱਧ ਉਸ ਵਿਅਕਤੀ 'ਤੇ ਅਪੀਲ ਜਿਸ ਨੂੰ ਇਹ ਭੇਜੀ ਜਾਂਦੀ ਹੈ | 21 ਦਿਨ |
| 2.* | ਅਨੁਸੂਚੀ 1, 10(1) | **ਸੁਧਾਰ ਸੂਚਨਾ**<br>ਕਿਸੇ ਸੁਧਾਰ ਸੂਚਨਾ ਖਿਲਾਫ਼ ਉਸ ਵਿਅਕਤੀ ਦੁਆਰਾ ਅਪੀਲ ਜਿਸ ਨੂੰ ਇਹ ਸੂਚਨਾ ਨੋਟਿਸ ਭੇਜਿਆ ਗਿਆ ਹੋਵੇ, ਪਰ ਇੱਕ ਅਜਿਹੇ ਅਧਾਰ ਸਮੇਤ ਕਿ ਅਹਾਤਿਆਂ ਦੇ ਮਾਲਕ ਵਜੋਂ ਕਿਸੇ ਹੋਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ ਜਾਂ ਅਨੁਸੂਚੀ 1 ਦੇ ਪੈਰ੍ਹਾ 11 (1) ਤਹਿਤ, ਉਹਨਾਂ ਕਾਰਜਾਂ ਦੇ ਖਰਚਿਆਂ ਦਾ ਭੁਗਤਾਨਾ ਕਰਨਾ ਜਿਹਨਾਂ ਬਾਰੇ ਸੁਧਾਰ ਨੋਟਿਸ ਵਿੱਚ ਦੱਸਿਆ ਗਿਆ ਹੋਵੇ | 21 ਦਿਨ |
| 3.* | ਅਨੁਸੂਚੀ 1, 13(1) | **ਸੁਧਾਰ ਸੂਚਨਾ**<br>ਕਿਸੇ ਸੁਧਾਰ ਨੋਟਿਸ ਨੂੰ ਬਦਲਣ, ਜਾਂ ਇਸ ਨੂੰ ਰੱਦ ਕਰਨ ਜਾਂ ਬਦਲਣ ਤੋਂ ਇਨਕਾਰ ਕਰਨ ਦੇ LHA ਦੇ ਫ਼ੈਸਲੇ ਖਿਲਾਫ਼ ਅਪੀਲ। | 28 ਦਿਨ |
| 4.* | ਅਨੁਸੂਚੀ 2, 7(1) | **ਮਨਾਹੀ**<br>ਕਿਸੇ ਮਨਾਹੀ ਦੇ ਹੁਕਮ ਖਿਲਾਫ਼ ਅਪੀਲ ਦਾ ਹੁਕਮ | 28 ਦਿਨ |
| 5.* | ਅਨੁਸੂਚੀ 2, 9(1) | **ਮਨਾਹੀ ਦਾ ਹੁਕਮ**<br>ਕਿਸੇ ਮਨਾਹੀ ਦੇ ਹੁਕਮ ਨੂੰ ਬਦਲਣ, ਜਾਂ ਇਸ ਨੂੰ ਰੱਦ ਕਰਨ ਜਾਂ ਬਦਲਣ ਤੋਂ ਇਨਕਾਰ ਕਰਨ ਦੇ LHA ਦੇ ਫ਼ੈਸਲੇ ਖਿਲਾਫ਼ ਅਪੀਲ। | 28 ਦਿਨ |
| 6.* | ਧਾਰਾ 22 (9) | **ਮਨਾਹੀ ਦਾ ਹੁਕਮ**<br>ਸੈਕਸ਼ਨ 22 (4) ਤਹਿਤ ਖਾਸ ਵਰਤੋਂ ਦੀ ਪ੍ਰਵਾਨਗੀ ਦੇਣ ਤੋਂ LHA ਦੀ ਮਨਾਹੀ ਖਿਲਾਫ਼ ਅਪੀਲ | 28 ਦਿਨ |

| ਨੰਬਰ | ਹਾਊਸਿੰਗ ਐਕਟ 2004 ਦੇ ਪ੍ਰਬੰਧ | ਅਰਜ਼ੀ ਦੀ ਕਿਸਮ | ਅਪੀਲ ਲਈ ਸਮਾਂ ਹੱਦ |
|---|---|---|---|
| 7.* | ਅਨੁਸੂਚੀ 3, 11(1) | **ਸੁਧਾਰ ਸੂਚਨਾ**<br><br>ਅਨੁਸੂਚੀ 3 ਦੇ ਭਾਗ 3 ਤਹਿਤ ਖਰਚਿਆਂ ਦੀ ਵਸੂਲੀ ਲਈ ਕਿਸੇ ਮੰਗ ਖਿਲਾਫ਼ ਅਪੀਲ, ਜਿਥੇ LHA ਆਪ ਕਿਸੇ ਸੁਧਾਰ ਸੂਚਨਾ ਤਹਿਤ ਸਮਝੌਤੇ ਬਿਨਾ ਕੋਈ ਕਾਰਵਾਈ ਕਰਦੀ ਹੈ (11 (4) ਤਹਿਤ ਇਸ ਅਧਾਰ 'ਤੇ ਅਪੀਲ ਸ਼ਾਮਲ ਹੈ ਕਿ ਪਾਲਣਾ ਕਰਨ ਪ੍ਰਤੀ ਮੁਨਾਸਬ ਤਰੱਕੀ ਹੋ ਰਹੀ ਸੀ) | 21 ਦਿਨ |
| 8 | ਧਾਰਾ 34(2) | **ਮਨਾਹੀ ਦਾ ਹੁਕਮ**<br><br>ਲੀਜ਼ ਦਾ ਨਿਰਧਾਰਣ ਕਰਨ ਵਾਲੇ ਜਾਂ ਬਦਲਣ ਵਾਲੇ ਕਿਸੇ ਹੁਕਮ ਲਈ ਪਟਾ ਦੇਣ ਵਾਲੇ ਜਾਂ ਪਟਾਦਾਰ ਦੁਆਰਾ ਅਰਜ਼ੀ ਜਿਥੇ ਇੱਕ ਮਨਾਹੀ ਦਾ ਹੁਕਮ ਲਾਗੂ ਹੋ ਚੁੱਕਾ ਹੋਵੇ | ਕੋਈ ਸਮਾਂ ਸੀਮਾ ਨਿਰਧਾਰਤ ਨਹੀਂ |
| 9 | ਧਾਰਾ 45(1) | **ਐਮਰਜੈਂਸੀ ਉਪਾਅ ਕਾਰਵਾਈ**<br><br>ਐਮਰਜੈਂਸੀ ਉਪਚਾਰ ਕਾਰਵਾਈ ਕਰਨ ਦੇ LHA ਦੇ ਫ਼ੈਸਲੇ ਖਿਲਾਫ਼ ਅਪੀਲ | 28 ਦਿਨ |
| 10 | ਧਾਰਾ 45(2) | **ਐਮਰਜੈਂਸੀ ਮਨਾਹੀ**<br><br>ਐਮਰਜੈਂਸੀ ਮਨਾਹੀ ਦੇ ਹੁਕਮ ਖਿਲਾਫ਼ ਅਪੀਲ | 28 ਦਿਨ |
| 11 | ਸੈਕਸ਼ਨ 42 ਦੁਆਰਾ ਲਾਗੂ ਕੀਤੀ ਅਨੁਸੂਚੀ 3 11(1) | **ਐਮਰਜੈਂਸੀ ਉਪਾਅ ਕਾਰਵਾਈ**<br><br>ਖਰਚਿਆਂ ਦੀ ਵਸੂਲੀ ਲਈ ਕਿਸੇ ਮੰਗ ਦੇ ਖਿਲਾਫ਼ ਅਪੀਲ ਜਿਥੇ LHA ਐਮਰਜੈਂਸੀ ਉਪਚਾਰ ਕਾਰਵਾਈ ਕਰਦੀ ਹੈ | 21 ਦਿਨ |
| 12 | ਅਨੁਸੂਚੀ 3,14 | **ਸੁਧਾਰ ਸੂਚਨਾ/ਐਮਰਜੈਂਸੀ ਉਪਾਅ ਕਾਰਵਾਈ**<br><br>LHA ਵੱਲੋਂ ਟ੍ਰਿਬਿਊਨਲ ਦੁਆਰਾ ਕਿਸੇ ਅਜਿਹੇ ਹੁਕਮ ਦੇ ਲਈ ਅਰਜ਼ੀ ਕਿ ਕਿਸੇ ਸੁਧਾਰ ਸੂਚਨਾ ਦੇ ਸਬੰਧ ਵਿੱਚ ਅਨੁਸੂਚੀ 3 ਦੇ ਪੈਰ੍ਹੇ 3 ਤਹਿਤ LHA ਦੇ ਕਾਰਵਾਈ ਕਰਨ ਤੋਂ ਲਾਭ ਲੈ ਰਿਹਾ ਵਿਅਕਤੀ, ਜਾਂ ਐਮਰਜੈਂਸੀ ਉਪਾਅ ਕਾਰਵਾਈ ਕਰਨ, LHA ਨੂੰ ਅਦਾਇਗੀਆਂ ਕਰਨ। | ਕੋਈ ਸਮਾਂ ਸੀਮਾ ਨਿਰਧਾਰਤ ਨਹੀਂ |
| 13.* | ਧਾਰਾ 269(1) ਹਾਊਸਿੰਗ ਐਕਟ 1985 ਜਿਵੇਂ ਕਿ ਸੈਕਸ਼ਨ 48 ਹਾਊਸਿੰਗ ਐਕਟ 2004 ਦੁਆਰਾ ਸੋਧਿਆ ਗਿਆ | **ਢਾਹੁਣ ਦੇ ਹੁਕਮ**<br><br>ਢਾਹੁਣ ਦੇ ਕਿਸੇ ਹੁਕਮ ਖਿਲਾਫ਼ ਅਪੀਲ ਜਿਸ ਵਿੱਚ ਸੈਕਸ਼ਨ 269A ਹਾਊਸਿੰਗ ਐਕਟ 1985 ਵਿੱਚ ਮਿੱਥੇ ਗਏ ਅਧਾਰਾਂ 'ਤੇ ਕੋਈ ਅਪੀਲ ਵੀ ਸ਼ਾਮਲ ਹੁੰਦੀ ਹੈ | 28 ਦਿਨ |

| ਨੰਬਰ | ਹਾਊਸਿੰਗ ਐਕਟ 2004 ਦੇ ਪ੍ਰਬੰਧ | ਅਰਜ਼ੀ ਦੀ ਕਿਸਮ | ਅਪੀਲ ਲਈ ਸਮਾਂ ਹੱਦ |
|---|---|---|---|
| 14 | ਧਾਰਾ 272(1) ਜਾਂ (2)(a) ਹਾਊਸਿੰਗ ਐਕਟ1985 ਜਿਵੇਂ ਕਿ ਸੈਕਸ਼ਨ 48 ਹਾਊਸਿੰਗ ਐਕਟ 2004 ਦੁਆਰਾ ਸੋਧਿਆ ਗਿਆ | ਢਾਹੁਣ ਦੇ ਹੁਕਮ<br><br>ਸੈਕਸ਼ਨ 271 ਤਹਿਤ ਢਾਹੁਣ ਦੇ ਹੁਕਮ ਨੂੰ ਨੇਪਰੇ ਚਾੜ੍ਹਨ ਵਿੱਚ LHA ਦੇ ਖਰਚਿਆਂ ਦੀ ਵਸੂਲੀ ਦੇ ਸਬੰਧ ਵਿੱਚ ਅਰਜ਼ੀ, ਜਿਸ ਵਿੱਚ ਸਾਂਝੇ ਮਾਲਕਾਂ ਦੁਆਰਾ ਯੋਗਦਾਨਾਂ ਦਾ ਨਿਰਧਾਰਣ ਸ਼ਾਮਲ ਹੈ। | ਕੋਈ ਸਮਾਂ ਸੀਮਾ ਨਿਰਧਾਰਤ ਨਹੀਂ |
| 15 | ਧਾਰਾ 272 (2)(b) ਹਾਊਸਿੰਗ ਐਕਟ 985 ਜਿਵੇਂ ਕਿ ਸੈਕਸ਼ਨ 48 ਹਾਊਸਿੰਗ ਐਕਟ 2004 ਦੁਆਰਾ ਸੋਧਿਆ ਗਿਆ | **ਢਾਹੁਣ ਦੇ ਹੁਕਮ**<br><br>ਯੋਗ ਅਹਾਤਿਆਂ ਦੇ ਸਾਂਝੇ ਮਾਲਕਾਂ ਦੁਆਰਾ ਅਰਜ਼ੀ, LHA ਦੁਆਰਾ ਦੁਬਾਰਾ ਵਾਧੂ ਕੀਤੇ ਗਏ ਭੁਗਤਾਨ ਦੀ ਵੰਡ ਦੇ ਨਿਰਧਾਰਣ ਲਈ (ਜਿਥੇ LHA ਨੇ ਕਿਸੇ ਢਾਹੁਣ ਦੇ ਹੁਕਮ ਨੂੰ ਨੇਪਰੇ ਚਾੜ੍ਹਨ ਵਿੰਚ ਇਸ ਦੇ ਖਰਚਿਆਂ ਦੀ ਉਹਨਾਂ ਤੋਂ ਵਸੂਲੀ ਕੀਤੀ ਹੋਵੇ) | ਕੋਈ ਸਮਾਂ ਸੀਮਾ ਨਿਰਧਾਰਤ ਨਹੀਂ |
| 16 | ਸੈਕਸ਼ਨ 317 ਹਾਊਸਿੰਗ ਐਕਟ 1985 ਜਿਵੇਂ ਕਿ ਸੈਕਸ਼ਨ 48 ਹਾਊਸਿੰਗ ਐਕਟ 2004 ਦੁਆਰਾ ਸੋਧਿਆ ਗਿਆ | **ਢਾਹੁਣ ਦੇ ਹੁਕਮ**<br><br>ਅਹਾਤਿਆਂ ਨੂੰ ਪਟੇ 'ਤੇ ਦੇਣ ਵਾਲੇ ਜਾਂ ਪਟਾਦਾਰ ਦੁਆਰਾ ਅਰਜ਼ੀ, ਜਿਸ ਦੇ ਲਈ ਇੱਕ ਢਾਹੁਣ ਦਾ ਹੁਕਮ ਕਿਰਿਆਸ਼ੀਲ ਹੋ ਚੁੱਕਾ ਹੋਵੇ, ਲੀਗ ਦੇ ਨਿਰਧਾਰਣ ਜਾਂ ਇਸ ਨੂੰ ਬਦਲਣ ਲਈ ਕੋਈ ਹੁਕਮ | ਕੋਈ ਸਮਾਂ ਸੀਮਾ ਨਿਰਧਾਰਤ ਨਹੀਂ |
| 17.* | ਧਾਰਾ 318(1) ਹਾਉਸਿੰਗ ਐਕਟ 1985 ਜਿਵੇਂ ਕਿ ਸੈਕਸ਼ਨ 48 ਹਾਊਸਿੰਗ ਐਕਟ 2004 ਦੁਆਰਾ ਸੋਧਿਆ ਗਿਆ | **ਨਕਾਰਾ ਇਮਾਰਤਾਂ 'ਤੇ ਕਾਰਜਾਂ ਦਾ ਪਾਲਣ**<br><br>ਕਿਸੇ ਵਿਅਕਤੀ ਦੁਆਰਾ ਬਿਨੈਕਾਰ ਨੂੰ ਕਾਰਜ ਨੇਪਰੇ ਚਾੜ੍ਹਨ ਲਈ ਜ਼ਮੀਨ ਵਿੱਚ ਦਾਖਲ ਹੋਣ ਲਈ ਅਧਿਕਾਰ ਦੇਣ ਵਾਲੇ ਕਿਸੇ ਹੁਕਮ ਵਾਸਤੇ ਨਕਾਰਾ ਅਹਾਤਿਆਂ ਵਿੱਚ ਕੋਈ ਦਿਲਚਸਪੀ ਵਾਲੇ ਕਿਸੇ ਵਿਅਕਤੀ ਦੁਆਰਾ ਅਰਜ਼ੀ; ਅਤੇ ਬਿਨੈਕਾਰ ਅਤੇ ਕਿਸੇ ਅਗਲੀ ਲੀਜ਼ ਤੋਂ ਧਾਰਨ ਕੀਤੀ ਕਿਸੇ ਲੀਜ਼ ਨੂੰ ਨਿਰਧਾਰਤ ਕਰਦੇ ਕਿਸੇ ਹੁਕਮ ਲਈ। | ਕੋਈ ਸਮਾਂ ਸੀਮਾ ਨਿਰਧਾਰਤ ਨਹੀਂ |

# ਅੰਤਿਕਾ 2 RPTS ਪਤੇ

## ਲੰਦਨ ਕਿਰਾਇਆ ਮੁਲਾਂਕਣ ਪੈਨਲ ਪ੍ਰਧਾਨ: ਸਿਓਭਾਨ ਮੈਕਗ੍ਰੈਥ ਰੀਜਨਲ ਮੈਨੇਜਰ: ਡੋਨਲਡ ਬ੍ਰਾਊਨ

2nd Floor, 10 Alfred Place

London WC1E 7LR

ਟੈਲੀ: 020 7446 7700

ਫ਼ੈਕਸ: 020 7637 1250

## ਉੱਤਰੀ ਕਿਰਾਇਆ ਮੁਲਾਂਕਣ ਪੈਨਲ (Northern Rent Assessment Panel)

ਪ੍ਰਧਾਨ: ਮਾਰਟਿਨ ਡੇਵੇ

ਰੀਜਨਲ ਮੈਨੇਜਰ: ਮਾਰਜ ਫ਼ੋਸਟਰ ਅਤੇ ਬੀਟ੍ਰਾਈਸ ਵ੍ਹਿਪ (ਸਾਂਝੀ ਨੌਕਰੀ)

1 st Floor, 26 York Street

Manchester Ml 4JB

ਟੈਲੀ: 0845 1002614

0161 237 9491

ਫ਼ੈਕਸ: 0161 237 3656

## ਮਿਡਲੈਂਡ ਕਿਰਾਇਆ ਮੁਲਾਂਕਣ ਪੈਨਲ (Midland Rent Assessment Panel)

ਪ੍ਰਧਾਨ: ਸਾਈਮਨ ਡੱਫ਼ੀ

ਰੀਜਨਲ ਮੈਨੇਜਰ: ਮੋਰੀਨ ਮੈਕਕੈਬੇ

2nd Floor, East Wing, Ladywood House 45-46

Stephenson Street

Birmingham B2 4DH

ਟੈਲੀ: 0845 1002615

0121 643 8336

ਫ਼ੈਕਸ: 0121 643 7605

## ਪੂਰਬੀ ਕਿਰਾਇਆ ਮੁਲਾਂਕਣ ਪੈਨਲ (Eastern Rent Assessment Panel)

ਪ੍ਰਧਾਨ: ਬਰੂਸ ਐਜਿੰਗਨ

ਰਿਜਨਲ ਮੈਨੇਜਰ: ਐੱਨ ਓਟਸ

Great Eastern House

Tenison Road

Cambridge CB1 2TR

ਟੈਲੀ: 0845 1002616

01223 505112

ਫ਼ੈਕਸ: 01223 505116

## ਦੱਖਣੀ ਕਿਰਾਇਆ ਮੁਲਾਂਕਣ ਪੈਨਲ (Southern Rent Assessment Panel)

ਪ੍ਰਧਾਨ: ਰੌਬਰਟ ਲੌਂਗ

ਰੀਜਨਲ ਮੈਨੇਜਰ: ਟੈਰੀ ਪਿੰਕਰ

1st Floor, 1 Market Avenue

Chichester PO19 1JU

ਟੈਲੀ: 0845 1002617

01243 779394

ਫ਼ੈਕਸ: 01243 779389

## ਕਾਰਪੋਰੇਟ ਯੂਨਿਟ (Corporate Unit)

ਸੀਨੀਅਰ ਪ੍ਰਧਾਨ: ਸਿਓਭਾਨ ਮੈਕਗ੍ਰੈਥ

ਮੁੱਖ ਕਾਰਜਕਾਰੀ: ਮਾਈਕਲ ਰੌਸ

3rd Floor, 10 Alfred Place

London WC1E 7LR

ਟੈਲੀ: 020 7446 7750

ਫ਼ੈਕਸ: 020 7580 5684

**RPTS ਕੌਮੀ ਹੈਲਪਲਾਈਨ: 0845 600 3178**

**RPTS ਵੈੱਬਸਾਈਟ: www.rpts.gov.uk**

## RPTS ਕਿਤਾਬਚੇ/ਇਸ਼ਤਿਹਾਰ

| ਕੋਡ | ਬਿਓਰਾ |
|---|---|
| LVTL | ਕੀ ਤੁਸੀਂ ਕੋਈ ਮਕਾਨ–ਮਾਲਕ, ਕਿਰਾਏਦਾਰ ਜਾਂ ਪਟਾਦਾਰ ਹੋ? ਕੀ ਲੀਜ਼ਹੋਲਡਰ ਵੈਲਿਊਏਸ਼ਨ ਟ੍ਰਿਬਿਊਨਲ ਸਮੱਸਿਆਵਾਂ ਹੱਲ ਕਰਨ 'ਚ ਤੁਹਾਡੀ ਮਦਦ ਕਰ ਸਕਦਾ ਹੈ? |
| GNL | ਕੀ ਤੁਸੀਂ ਕੋਈ ਮਕਾਨ-ਮਾਲਕ, ਕਿਰਾਏਦਾਰ ਜਾਂ ਪਟਾਦਾਰ ਹੋ? ਕੀ ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਸਰਵਿਸ ਤੁਹਾਡੀ ਮਦਦ ਕਰ ਸਕਦੀ ਹੈ? ਇਹ ਹਰ ਸਾਲ ਹਜ਼ਾਰਾਂ ਲੋਕਾਂ ਦੀ ਮਦਦ ਕਰਦੀ ਹੈ |
| LE/4 | ਲੀਜ਼ਹੋਲਡ ਐਨਫ੍ਰੈਂਚਾਈਜ਼ਮੈਂਟ |
| LVTB/3 | ਲੀਜ਼ਹੋਲਡ ਵੈਲਿਊਏਸ਼ਨ ਟ੍ਰਿਬਿਊਨਲ (LVT): ਸਰਵਿਸ ਖਰਚੇ, ਖਰਚਿਆਂ ਦੀ ਵੰਡ ਬਾਰੇ ਸਲਾਹ-ਮਸ਼ਵਰਾ, ਪਰਬੰਧਨ ਖਰਚੇ, ਲੀਜ਼ਾਂ ਦੀ ਤਬਦੀਲੀ, ਪਰਬੰਧ ਕਰਨ ਦਾ ਅਧਿਕਾਰ, ਮੈਨੇਜਰ ਦੀ ਨਿਯੁਕਤੀ, ਬੀਮਾ ਕਰਵਾਉਣ ਵਾਲੇ ਦੀ ਮਕਾਨ-ਮਾਲਕ ਦੀ ਚੋਣ, ਕੁਰਕੀ। |
| FR/1 | ਕਿਰਾਇਆ ਮੁਲਾਂਕਣ ਕਮੇਟੀਆਂ: ਵਾਜਬ ਕਿਰਾਏ ਕਾਰਜ-ਵਿਧੀ 'ਤੇ ਮਾਰਗ-ਦਰਸ਼ਨ |
| MR/2 | ਕਿਰਾਇਆ ਮੁਲਾਂਕਣ ਕਮੇਟੀਆਂ: ਮਾਰਕੀਟ ਕਿਰਾਏ ਕਾਰਜ-ਵਿਧੀ 'ਤੇ ਮਾਰਗ-ਦਰਸ਼ਨ |
| TA/5 | ਐਸੋਸੀਏਸ਼ਨਾਂ ਕਿਰਾਏਦਾਰ |
| HHSRS/9 | ਹਾਊਸਿੰਗ ਐਕਟ 2004: ਹਾਊਸਿੰਗ ਸਿਹਤ ਅਤੇ ਸੁਰੱਖਿਆ ਰੇਟਿੰਗ ਸਿਸਟਮ ਬੇਹਤਰੀ ਸੂਚਨਾਵਾਂ, ਮਨਾਹੀ ਦੇ ਹੁਕਮਾਂ, ਢਾਹੁਣ ਦੇ ਹੁਕਮਾਂ, ਐਮਰਜੈਂਸੀ ਮਾਪਦੰਡ (ਨਕਾਰਾ ਜਾਇਦਾਦਾਂ) ਨਾਲ ਸਬੰਧਤ ਅਰਜ਼ੀਆਂ ਅਤੇ ਅਪੀਲਾਂ |
| EDMO/8 | ਹਾਊਸਿੰਗ ਐਕਟ 2004: ਹਾਊਸਿੰਗ ਐਕਟ 2004 ਤਹਿਤ ਖਾਲੀ ਨਿਵਾਸ ਸਥਾਨਾਂ ਦੇ ਪਰਬੰਧਨ ਬਾਰੇ ਹੁਕਮਾਂ ਦੇ ਵਿਸ਼ੇ ਵਿੱਚ ਅਰਜ਼ੀਆਂ ਅਤੇ ਅਪੀਲਾਂ |
| UWS/6 | ਸਾਡੀ ਸੇਵਾ ਤੋਂ ਨਾਖੁਸ਼ ਹੋ? ਇਹ ਹੈ ਜੋ ਅਸੀਂ ਕਰਾਂਗੇ |
| EOP | ਬਰਾਬਰ ਦੇ ਮੌਕਿਆਂ ਬਾਰੇ ਨੀਤੀ |
| AR | ਸਲਾਨਾ ਰਿਪੋਰਟ |
| DW | ਦਸਤਾਵੇਜ਼ਾਂ ਦਾ ਬੈਗ |
| RTB/7 | ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲਜ਼: ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲਾਂ ਵੱਲੋਂ ਨਿਰਧਾਰਣ ਕਿ ਕੋਈ ਨਿਵਾਸ-ਸਥਾਨ ਖਾਸ ਤੌਰ 'ਤੇ ਵਡੇਰੀ ਉਮਰ ਦੇ ਲੋਕਾਂ ਦੇ ਰਹਿਣ ਲਈ ਢੁੱਕਵਾਂ ਹੈ ਜਾਂ ਨਹੀਂ। |
| CP | ਨਿਗਮ ਸਬੰਧੀ ਯੋਜਨਾ |
| RPTS | ਜਾਇਦਾਦ ਮਾਮਲੇ: ਢੂੰਓਢ ਨਾਲ ਇੱਕ ਜਾਣ-ਪਛਾਣ। ਕਿਸੇ ਕਿਰਾਇਆ ਮੁਲਾਂਕਣ ਕਮੇਟੀ ਜਾਂ ਲੀਜ਼ਹੋਲਡ ਵੈਲਿਊਏਸ਼ਨ ਟ੍ਰਿਬਿਊਨਲ ਵਿਖੇ ਕੀ ਉਮੀਦ ਕੀਤੀ ਜਾਵੇ (ਵੀਡੀਓ/ਡੀਵੀਡੀ) |

ਇੱਥੋਂ ਮੰਗਵਾਓ

Yoro Edmond

RPTS

10 Alfred Place

London WC1E 7LR

ਟੈਲੀ: 020 7446 7757

ਫ਼ੈਕਸ: 020 7580 5684 ਜਾਂ 020 7637 1250

ਈਮੇਲ: yoro.edmond@communities.gsi.gov.uk

ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਸਰਵਿਸ (**Residential Property** Tribunal Service)

10 Alfred Place

London

WC1E 7LR

ਟੈਲੀਫ਼ੋਨ: 020 7446 7700

ਫ਼ੈਕਸ: 020 7580 5684

## ਨੈਸ਼ਨਲ ਹੈਲਪਲਾਈਨ

0845 600 3178

## ਵੈੱਬਸਾਈਟ

www.rpts.gov.uk

© ਕ੍ਰਾਊਨ ਕਾਪੀਰਾਈਟ 2006

HHSRS - 06/06